# ਅੰਮ੍ਰਿਤ ਕੀਰਤਨ

ਜਨਵਰੀ 2009

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਪਹਿਲੀ ਮਾਘ ਤੋਂ ਬਸੰਤ ਰਾਗ ਦਾ ਗਾਇਨ ਅਰੰਭ ਹੁੰਦਾ ਹੈ। ਗੁਰੂ ਨਾਨਕ ਬਾਣੀ ਵਿਚ ਬਸੰਤ ਰੁੱਤ ਦਾ ਵਰਣਨ ਬੜੇ ਭਾਵਪੂਰਤ ਢੰਗ ਨਾਲ ਹੋਇਆ ਹੈ। ਬਸੰਤ ਰਾਗ ਦੀ ਬਾਣੀ ਦਾ ਅਰੰਭ ਜਿਸ ਸ਼ਬਦ ਨਾਲ ਹੁੰਦਾ ਹੈ, ਉਸ ਨਾਲ ਸਬੰਧਿਤ ਇਕ ਸਾਖੀ ਮਿਹਰਬਾਨ ਵਾਲੀ ਜਨਮਸਾਖੀ ਵਿਚ ਦਿੱਤੀ ਹੋਈ ਹੈ। ਇਸ ਨੂੰ ਪੜ੍ਹਕੇ ਸਾਖੀ ਕਰਤਾ ਨੂੰ ਧੰਨ ਧੰਨ ਕਹਿਣ ਨੂੰ ਚਿੱਤ ਕਰਦਾ ਹੈ :

*ਜਦਿ ਗੁਰੂ ਨਾਨਕੁ ਜੀ ਪੰਜੀਸ ਛਬੀਸ ਬਰਸ ਕਾ ਭੈਆ ਤਬ ਏਕ ਦਿਨਿ ਪੰਜਾਬ ਕੀ ਧਰਤੀ ਨਗਰਿ ਤਲਵੰਡੀ ਰਾਇ ਭੋਇ ਦੀ ਗੁਰੂ ਬਾਬਾ ਨਾਨਕ ਜੀ ਅੰਦਰਿ ਘਰਿ ਕੈ ਬਿਖੈ ਪੜਿਆ ਹੀ ਰਹਤਾ। ਜਬ ਕਈ ਮਾਸ ਦਿਨ ਪੜਿਆ ਹੀ ਰਹਿਆ ਤਬ ਬਸੰਤ ਚੜਿਆ। ਤਬ ਜਿਤਨੇ ਲੋਕ ਤਲਵੰਡੀ ਕੇ ਥੇ ਏਤਨਿਆਂ ਲੋਕ ਮਿਲਿਨਿ ਆਏ ਜਿ - ਨਾਨਕ ਜੀ! ਤੈ ਬਹੁਤੁ ਦਿਨ ਮਾਹ ਬੈਠੇ ਹੋਏ ਹੈਨਿ ਅੰਦਰੇ, ਪਰੁ ਹੁਣਿ ਚੇਤ੍ਰ ਚੜਿਆ ਹੈ। ਲੋਕ ਸਭਿ ਬਸੰਤੁ ਚੜਿਐ ਖੁਸੀ ਹੋਤੇ ਹੈਂ, ਬਾਹਰਿ ਚਲੀਐ, ਏਕ ਬਾਰ ਚੇਤ ਕੀ ਬਹਾਰ ਲੀਜੀਐ। ਤਬ ਗੁਰੂ ਬਾਬੈ ਨਾਨਕ ਜੀ ਬਸੰਤ ਰਾਗ ਮਹਿ ਬਾਣੀ ਬੋਲੀ ਜਿ:*

*ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥*
*ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥੧॥*

*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥੧॥ ਰਹਾਉ ॥*

*ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥*
*ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥੨॥*

*ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥*
*ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥੩॥*

*ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥*
*ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥੪॥੧॥*

(ਬਸੰਤ ਮਹਲਾ ੧, ਪੰਨਾ ੧੧੬੮)

**PAGE SPONSORED BY : AHUJA FAMILY**
C-353, Defence Colony New Delhi 110 024

# ੴ ਅੰਮ੍ਰਿਤ ਕੀਰਤਨ

**ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ**

ਅੰਕ 1 ▫ ਸਾਲ ਇੱਕੀਵਾਂ ▫ ਜਨਵਰੀ 2009

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80G of Income-Tax Act, 1961 (43 of 1961) vide CIT - I / CHD / TECH / 80G / 2008 - 939 dated 19/05/2008 valid upto 31.03.2012

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 098140 53630
e-mail: drjagirsingh@gmail.com
Website: www.gurshabad.com



Computer Type Setting
*sohal specials* Phone: 98788 23351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**
ਐਸ.ਸੀ.ਐਫ. 112, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


**ਮਿਤ੍ਰ ਅਸਾਡੜੇ ਸੇਈ** 4
*ਪਾਠਕਾਂ ਦੇ ਪੱਤਰ*

**ਕਰਉ ਬੇਨੰਤੀਆ** 5
*ਸੰਪਾਦਕੀ*

**ਰਾਗ ਆਸਾ ਅਤੇ ਗੁਰਬਾਣੀ ਦਾ ਅੰਤਰ ਸੰਬੰਧ** 6
*ਡਾ. ਜਾਗੀਰ ਸਿੰਘ*

**ਕਲਜੁਗ ਮਹਿ ਕੀਰਤਨ ਪ੍ਰਧਾਨਾ** 12
*ਅਮਰਜੀਤ ਸਿੰਘ ਗਰੇਵਾਲ*

**ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਇਕ ਅਧਿਐਨ: ਗੁਰਮਤਿ ਸੰਗੀਤ ਦੀ ਦ੍ਰਿਸ਼ਟੀ ਤੋਂ** 17
*ਮਨਦੀਪ ਕੌਰ*

**ਸੰਗੀਤਕ ਸੁਰਾਂ ਦਾ ਸਿਰਤਾਜ : ਰਾਗੀ ਜਸਵੰਤ ਸਿੰਘ** 20
*ਅਜਮੇਰ ਸਿੰਘ ਐਮ.ਏ.*

**THE POWER OF SELF-TALK** 23
*Sumeet Kaur*

**ਸੁਰ ਲਿਪੀ** 25
**ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**
*ਹਰਦੀਪ ਕੌਰ*

# ਮਿਤ੍ਰ ਅਸਾਡੜੇ ਸੇਈ

**ਜੂਨ 2008 ਦੇ ਅੰਮ੍ਰਿਤ ਕੀਰਤਨ ਦੇ ਅੰਕ ਵਿਚ ਭਾਈ** ਸਾਹਿਬ ਭਾਈ ਸਮੁੰਦ ਸਿੰਘ ਜੀ ਬਾਰੇ ਲੇਖ ਪੜ੍ਹਿਆ ਤਾਂ ਇਕ ਦਮ ਸਾਰੀਆਂ ਯਾਦਾਂ ਤਾਜ਼ੀਆਂ ਹੋ ਗਈਆਂ। ਉਹਨਾਂ ਦਾ ਉਹ ਹੀ ਖਿੜਿਆ ਚਿਹਰਾ ਤੇ ਨੂਰੀ ਮਸਤਕ ਤੇ ਕੀਰਤਨ ਸਾਰਾ ਅੱਖਾਂ ਅੱਗੇ ਆ ਗਿਆ। ਜੁਲਾਈ ਤੇ ਅਗਸਤ ਅੰਕਾਂ ਵਿਚ ਸਭ ਪੜ ਕੇ ਮਨ ਬੜਾ ਹੀ ਪ੍ਰਸੰਨ ਹੋਇਆ। ਭਾਈ ਸਾਹਿਬ ਦਾ ਕੀਰਤਨ ਇਕ ਇਲਾਹੀ ਵਾਤਾਵਰਣ ਬਣਾ ਦਿੰਦਾ ਸੀ। ਮੈਨੂੰ ਉਨ੍ਹਾਂ ਦਾ ਕੀਰਤਨ ਸੁਨਣ ਦਾ ਬੜਾ ਅਵਸਰ ਮਿਲਿਆ। ਗੁਰਪੁਰਬਾਂ 'ਤੇ ਖਾਸ -ਖਾਸ ਸਮਾਗਮਾਂ ਤੋਂ ਇਲਾਵਾ ਉਨ੍ਹਾਂ ਦਾ ਸਾਡੇ ਸ਼ਹਿਰ ਗੁੱਜਰਾਂਵਾਲਾ ਆਉਣਾ ਰਹਿੰਦਾ ਸੀ। ਆਪ ਜੀ ਦੇ ਭੈਣ ਜੀ ਬੀਬੀ ਕ੍ਰਿਪਾਲ ਕੌਰ ਜੀ ਵੀ ਗੁੱਜਰਾਂ ਵਾਲੇ ਰਹਿੰਦੇ ਸਨ। ਭਾਈ ਸਾਹਿਬ ਜੀ ਜਦ ਵੀ ਗੁੱਜਰਾਂਵਾਲੇ ਆਉਂਦੇ ਤਾਂ ਉਥੋਂ ਦੇ ਗੁਰਦੁਆਰਾ ਸਿੰਘ ਸਭਾ ਵਿਚ ਕੀਰਤਨ ਦੀ ਹਾਜ਼ਰੀ ਭਰਦੇ। ਉਸ ਵੇਲੇ ਭਾਵੇਂ ਰਾਗਾਂ ਬਾਰੇ ਮੈਨੂੰ ਕੋਈ ਸਮਝ ਨਹੀਂ ਸੀ ਪਰ ਉਨ੍ਹਾਂ ਦਾ ਕੀਰਤਨ ਮਨ ਮੁਗਧ ਕਰ ਦਿੰਦਾ ਸੀ ਤੇ ਮਨ ਸ਼ਾਂਤ ਮਈ ਅਵਸਥਾ ਵਿਚ ਆ ਜਾਂਦਾ ਸੀ। ਇਹ ਲੇਖ ਆਪ ਨੇ ਅੰਮ੍ਰਿਤ ਕੀਰਤਨ ਵਿਚ ਛਾਪ ਕੇ ਬਹੁਤ ਹੀ ਅੱਛਾ ਕੀਤਾ ਹੈ। ਆਸ ਕਰਦਾ ਹਾਂ ਕਿ ਅੱਗੋਂ ਹੋਰ ਐਸੇ ਲੇਖ ਸਾਡੇ ਪ੍ਰਸਿੱਧ ਰਾਗੀਆਂ ਬਾਰੇ ਆਪ ਦਿੰਦੇ ਰਹੋਗੇ। ਇਸ ਲਈ ਆਪ ਜੀ ਨੂੰ ਵਧਾਈ ਦਿੰਦਾ ਹਾਂ।

*ਨਰਿੰਦਰ ਪਾਲ ਸਿੰਘ*
*ਕੇ ਜੀ-1/21, ਵਿਕਾਸ ਪੁਰੀ, ਨਵੀਂ ਦਿੱਲੀ*

**'ਕਰਉ ਬੇਨੰਤੀਆਂ' ਬੇਹੱਦ ਪਸੰਦ ਆਇਆ। ਭਾਈ ਕਰਮ** ਸਿੰਘ ਜੀ ਰਤਨ ਹੁਰਾਂ ਦਾ ਲੇਖ ਸਿਦਕਵਾਨ ਕੀਰਤਨੀਏ ਭਾਈ ਉਤਮ ਸਿੰਘ ਪਤੰਗ ਜੋ ਕਿ (ਬਹੁਤ ਹੀ ਮਹਾਨ ਰਾਗੀ ਸਨ) ਤੁਹਾਡੇ ਪਿਤਾ ਜੀ ਸਨ, ਮੇਰੇ ਪਾਸ ਉਹ ਲਫ਼ਜ਼ ਨਹੀਂ ਜਿਨ੍ਹਾਂ ਨਾਲ ਮੈਂ ਪਤੰਗ ਜੀ ਦੀ ਉਸਤਤ ਕਰ ਸਕਾਂ।

ਆਪ ਜੀ ਵੱਲੋਂ ਲਿਖਿਆ ਲੇਖ ਪ੍ਰੋ: ਤਾਰਾ ਸਿੰਘ ਜੀ ਬਾਰੇ (ਜੋ ਕਿ ਬਹੁਤ ਹੀ ਮਹਾਨ ਸੰਗੀਤਕਾਰ ਸਨ, ਜਿਨ੍ਹਾਂ ਨੇ ਬਹੁਤ ਸਾਰੀਆਂ ਸੰਗੀਤ ਬਾਰੇ ਪੁਸਤਕਾਂ ਸਿੱਖ ਜਗਤ ਦੀ ਝੋਲੀ ਪਾਈਆਂ), ਸ. ਜਤਿੰਦਰ ਸਿੰਘ ਪਜਨੀ ਜੀ ਦਾ ਲੇਖ 'ਕੀ ਤੁਸੀਂ ਸਿਰ ਦਰਦ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ', ਬੀਬੀ ਹਰਦੀਪ ਕੌਰ ਜੀ ਵੱਲੋਂ ਰਾਗ ਬਸੰਤ ਦੀ ਬੰਦਿਸ਼ ਬਹੁਤ ਹੀ ਚੰਗੀ ਬੰਦਿਸ਼ ਸੀ।

ਰਾਗ ਬਸੰਤ ਦੇ ਸੁਰ ਲਿਪੀ ਵਾਲੇ ਸ਼ਬਦ ਦੇ ਅਰਥ, ਸੰਗੀਤ ਲਿਪੀ ਦੇ ਚਿੰਨ ਅਤੇ ਡਾ. ਜਾਗੀਰ ਸਿੰਘ ਜੀ ਦੀਆਂ ਗੁਰਬਾਨੀ ਦੀਆਂ ਕੀਰਤਨ ਸੀ.ਡੀ. ਕੈਸਟਾਂ ਬਾਰੇ ਜਾਣਕਾਰੀ ਬਹੁਤ ਹੀ ਸ਼ਲਾਘਾਯੋਗ ਸੀ। ਸਭ ਲੇਖਕਾਂ ਦੇ ਵਿਚਾਰ ਬੇਹੱਦ ਪਸੰਦ ਆਏ।

*ਐਮ.ਐਸ. ਸਚਦੇਵਾ*
*ਇੰਡੀਅਨ ਮਿਊਜ਼ਿਕ ਹਾਊਸ, ਮਾਰਫਤ ਸ਼ਿਵ ਭੋਲੇ ਸਾਉਂਡ ਸਰਵਿਸ, ਨੇੜੇ ਬੱਸ ਅੱਡਾ, ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ*




For Sending Courier / Parcels Abroad at Very Cheaper Rates and Through Leading Multinational Courier Companies and Our Self Network Contact us:

FCML WORLDWIDE COURIERS

Sohan Palace, Opposite Bharat Nagar Telephone Exchange, The Mall, Ludhiana 141001

Ph.; 098888-22567; 098140-12567; batrasaab@gmail.com ; www.efcml.com

We Deliver Packages to Many Countries in the world in 48 – 72 Hrs.



## ਆਓ ਕੁਝ ਹੋਰ ਸਿੱਖੀਏ

'ਸਿੱਖ' ਦਾ ਅਰਥ ਹੀ ਸਿੱਖਿਆ ਗ੍ਰਹਿਣ ਕਰਦੇ ਰਹਿਣ ਵਾਲਾ ਵਿਅਕਤੀ ਹੈ। ਵਡੇਰੀ ਉਮਰ ਵਿਚ ਜਾ ਕੇ ਕਦੀ ਕਦੀ ਅਸੀਂ ਸੋਚਣ ਲੱਗ ਪੈਂਦੇ ਹਾਂ ਕਿ ਹੁਣ ਤਾਂ ਬਹੁਤ ਕੁਝ ਸਿੱਖ ਲਿਆ ਹੈ। ਕਦੀ ਸਿੱਖਿਆ ਕਿਥੋਂ ਲਈਏ ਸਮਝ ਨਹੀਂ ਆਉਂਦੀ। ਪਰ ਜੇ ਆਪਣੇ ਮਨ ਅੰਦਰ ਜਗਿਆਸਾ ਪੈਦਾ ਕਰੀਏ ਤਾਂ ਹਰ ਪਲ - ਹਰ ਥਾਂ - ਹਰ ਕਿਸੇ ਤੋਂ ਕੁਝ ਨਾ ਕੁਝ ਸਿੱਖਿਆ ਜਾ ਸਕਦਾ ਹੈ।

ਪਿਛੇ ਜਿਹੇ ਇਕ ਦੋਸਤ ਦਾ ਅਦਭੁਤ ਅਨੁਭਵ ਪੜ੍ਹ ਰਿਹਾ ਸਾਂ। ਉਸ ਦੋਸਤ ਨੂੰ ਗਮਲਿਆਂ ਵਿਚ ਫੁੱਲ ਉਗਾਉਣ ਦਾ ਸ਼ੌਕ ਹੈ। ਉਹ ਪਹਿਲਾਂ ਪਨੀਰੀ ਵਾਸਤੇ, ਛੋਟੇ ਗਮਲਿਆਂ ਵਿਚ ਬੀਜ ਬੀਜਦਾ ਹੈ ਫਿਰ ਉਹਨਾਂ ਨੂੰ ਵੱਡੇ ਗਮਲਿਆਂ ਵਿਚ ਲਗਾ ਦਿੰਦਾ ਹੈ। ਪਨੀਰੀ ਬਣਾਉਣ ਵਾਸਤੇ ਉਸ ਨੇ ਪਲਾਸਟਿਕ ਦੇ ਛੋਟੇ ਛੋਟੇ ਡੱਬੇ ਜਾਂ ਪਲਾਸਟਿਕ ਦੀਆਂ ਬੋਤਲਾਂ ਕੱਟ ਕੇ ਛੋਟੇ ਛੋਟੇ ਗਮਲੇ ਬਣਾ ਲਏ ਹਨ। ਉਹ ਲਿਖਦਾ ਹੈ :

ਮੈਂ ਇਕ ਛੋਟੇ ਜਿਹੇ ਗਮਲੇ ਵਿਚ ਦੋ ਬੂਟਿਆਂ ਤੋਂ ਕਮਾਲ ਦੀ ਸਿੱਖਿਆ ਗ੍ਰਹਿਣ ਕੀਤੀ ਹੈ। ਮੈਂ ਇਕ ਗਮਲੇ ਵਿਚ ਦੋ ਬੀਜ ਬੀਜੇ। ਅਚਾਨਕ ਹੀ ਜਦੋਂ ਬੀਜ ਉੱਗੇ ਤਾਂ ਮੈਂ ਵੇਖਿਆ ਕਿ ਇਕ ਬੀਜ ਗਮਲੇ ਦੇ ਕਿਨਾਰੇ ਨਾਲ ਹੀ ਉਗਿਆ ਹੈ। ਦੂਜਾ ਬੀਜ ਗਮਲੇ ਦੇ ਵਿਚਕਾਰ ਕਰਕੇ ਉਗਿਆ ਹੈ ਪਹਿਲੇ ਬੀਜ ਕੋਲ ਵੱਧਣ ਫੁੱਲਣ ਲਈ ਬੜੀ ਘੱਟ ਥਾਂ ਸੀ ਤੇ ਦੂਜੇ ਬੀਜ ਕੋਲ ਵਧੇਰੇ ਥਾਂ ਸੀ। ਜਦੋਂ ਇਨ੍ਹਾਂ ਬੀਜਾਂ ਦੇ ਬੂਟੇ ਉਗ ਰਹੇ ਸਨ ਤਾਂ ਅੰਤਰ ਸਪਸ਼ਟ ਨਜ਼ਰ ਆ ਰਿਹਾ ਹੈ।

ਦੂਜਾ ਬੀਜ ਆਸੇ ਪਾਸੇ ਫੈਲ ਰਿਹਾ ਸੀ ਤੇ ਪਹਿਲਾ ਬੀਜ ਬਹੁਤ ਘੱਟ ਫੈਲ ਰਿਹਾ ਸੀ । ਮੈਨੂੰ ਜਾਪਿਆ ਕਿ ਦੂਜਾ ਬੀਜ ਪਹਿਲੇ ਬੀਜ ਨਾਲੋਂ ਜ਼ਿਆਦਾ ਕਿਸਮਤ ਵਾਲਾ ਹੈ।

ਕੁਝ ਦਿਨ ਬਾਅਦ ਜਦੋਂ ਮੈਂ ਉਨ੍ਹਾਂ ਬੂਟਿਆਂ ਨੂੰ ਪੁੱਟ ਕੇ ਵੱਖਰੇ ਵੱਖਰੇ ਵੱਡੇ ਗਮਲਿਆਂ ਵਿਚ ਲਗਾਉਣ ਲਗਾ ਤਾਂ ਬਹੁਤ ਹੈਰਾਨੀ ਹੋਈ। ਮੈਂ ਵੇਖਿਆ ਕਿ ਪਹਿਲਾ ਬੂਟਾ ਜਿਸ ਕੋਲ ਉਪਰ ਫੈਲਣ ਲਈ ਥਾਂ ਘੱਟ ਸੀ, ਉਸ ਦੀਆਂ ਜੜ੍ਹਾਂ ਮਿੱਟੀ ਵਿਚ ਬਹੁਤ ਫੈਲੀਆਂ ਹੋਈਆਂ ਸਨ ਤੇ ਦੂਜੇ ਬੂਟੇ ਦੀਆਂ ਜੜ੍ਹਾਂ ਮਿਟੀ ਵਿਚ ਘੱਟ ਫੈਲੀਆਂ ਹੋਈਆਂ ਸਨ।

ਕਈ ਵਾਰ ਅਸੀਂ ਬਾਹਰੀ ਖੁਸ਼ਹਾਲੀ ਤੋਂ ਅੰਦਾਜ਼ਾ ਲਗਾ ਲੈਂਦੇ ਹਾਂ ਕਿ ਜਿਹਨਾਂ ਕੋਲ ਇਹ ਖੁੱਲ੍ਹਾਂ ਹਨ, ਆਜ਼ਾਦੀ ਹੈ, ਉਹ ਅਮੀਰ ਹਨ। ਪਰ ਅਜਿਹੇ ਲੋਕ ਅੰਦਰੋਂ ਘੱਟ ਮੋਕਲੇ ਹੁੰਦੇ ਹਨ। ਪਰ ਜਿਨ੍ਹਾਂ ਨੂੰ ਬਾਹਰੀ ਤੌਰ ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਅੰਦਰੋਂ ਮਜ਼ਬੂਤ ਹੁੰਦੇ ਹਨ।

ਜੇ ਤੁਹਾਨੂੰ ਜਾਪਦਾ ਹੈ ਕਿ ਤੁਹਾਡੇ ਕੋਲ ਵੱਧਣ ਫੁੱਲਣ ਦੇ ਮੌਕੇ ਘੱਟ ਹਨ ਤਾਂ ਹੋਰ ਘੋਖ ਕਰੋ, ਬੜੇ ਮੌਕੇ ਨਜ਼ਰ ਆਉਣਗੇ। ਤੁਸੀਂ ਕਿਸੇ ਹੋਰ ਖੇਤਰ ਵਿਚ ਵੱਧ ਫੁੱਲ ਸਕਦੇ ਹੋ। ਇਸ ਬ੍ਰਹਿਮੰਡ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਹੈ।

ਨਵੇਂ ਸਾਲ ਵਿਚ ਇਨ੍ਹਾਂ ਭਾਵਨਾਵਾਂ ਨਾਲ ਜੀਵਨ ਜੀਉਣ ਦੀ ਕੋਸ਼ਿਸ਼ ਕਰੀਏ।

# ਰਾਗ ਆਸਾ ਅਤੇ ਗੁਰਬਾਣੀ ਦਾ ਅੰਤਰ ਸੰਬੰਧ

ਡਾ. ਜਾਗੀਰ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮੁਖ ਰੂਪ ਵਿੱਚ ਰਾਗਾਂ ਵਿੱਚ ਰਚੀ ਗਈ ਹੈ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਰਾਗ ਗੁਰਬਾਣੀ ਨੂੰ ਪੇਸ਼ ਕਰਨ ਵਿੱਚ ਕੇਵਲ ਮਾਧਿਅਮ ਦਾ ਕੰਮ ਦਿੰਦਾ ਹੈ। ਪਰ ਗੁਰਬਾਣੀ ਰਚਨਾ ਦੀ ਪ੍ਰਕਿਰਿਆ, ਗੁਰੂ ਗ੍ਰੰਥ ਸਾਹਿਬ ਵਿੱਚ ਰਾਗ ਦੀ ਸਥਿਤੀ ਅਤੇ ਗੁਰਬਾਣੀ ਅੰਦਰਲੀ ਭਾਵ ਸੰਰਚਨਾ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਰਾਗ ਗੁਰਬਾਣੀ ਦਾ ਰਚਨਾ ਮੂਲਕ ਤੱਤ ਹੈ। ਗੁਰੂ ਨਾਨਕ ਦੇਵ ਜੀ ਦੀਆਂ ਜਨਮ ਸਾਖੀਆਂ ਦੇ ਅਧਿਐਨ ਤੋਂ ਅਸੀਂ ਵੇਖਦੇ ਹਾਂ ਜਦੋਂ ਗੁਰੂ ਸਾਹਿਬ ਨੂੰ ਬਾਣੀ ਰਚਨਾ ਦਾ ਆਵੇਸ਼ ਹੁੰਦਾ ਤਾਂ ਉਹ ਮਰਦਾਨੇ ਨੂੰ ਰਬਾਬ ਵਜਾਉਣ ਲਈ ਆਖਦੇ ਮਰਦਾਨਾ ਸਮੇਂ ਅਤੇ ਸਥਿਤੀ ਅਨੁਸਾਰ ਰਬਾਬ ਉੱਤੇ ਵਿਸ਼ੇਸ਼ ਰਾਗ ਦੀ ਆਲਾਪਚਾਰੀ ਕਰਦਾ ਅਤੇ ਫਿਰ ਗੁਰੂ ਸਾਹਿਬ ਉਸੇ ਰਾਗ ਵਿੱਚ ਬਾਣੀ ਰਚਨਾ ਕਰਦੇ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਲਗਭਗ ਹਰ ਸ਼ਬਦ ਉੱਤੇ ਪਹਿਲਾਂ ਰਾਗ ਦਾ ਨਾਮ ਲਿਖਿਆ ਹੋਇਆ ਹੈ। ਜਿਸ ਰਾਗ ਵਿੱਚ ਬਾਣੀ ਰਚਨਾ ਕੀਤੀ ਗਈ ਹੋਵੇ ਉਸੇ ਰਾਗ ਵਿੱਚ ਹੀ ਉਸ ਦਾ ਕੀਰਤਨ ਕਰਕੇ ਵਧ ਤੋਂ ਵਧ ਪ੍ਰਭਾਵ ਗ੍ਰਹਿਣ ਕੀਤਾ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇੱਕਤੀ ਮੁਖ ਰਾਗਾਂ ਅਤੇ ਲਗਭਗ ਇੱਕਤੀ ਮਿਸ਼ਰਤ ਰਾਗਾਂ ਅਧੀਨ ਦਰਜ ਕੀਤੀ ਗਈ ਹੈ। ਇਸ ਲੇਖ ਵਿੱਚ ਅਸੀਂ ਕੇਵਲ ਆਸਾ ਰਾਗ ਅਤੇ ਗੁਰਬਾਣੀ ਦੇ ਅੰਤਰ ਸਬੰਧ ਬਾਰੇ ਚਰਚਾ ਕਰਾਂਗੇ।

ਆਸਾ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਚੌਥਾ ਰਾਗ ਹੈ। ਇਸ ਰਾਗ ਵਿੱਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਇਲਾਵਾ ਭਗਤ ਕਬੀਰ ਜੀ, ਸ਼ੇਖ ਫਰੀਦ ਜੀ, ਭਗਤ ਨਾਮ ਦੇਵ ਜੀ, ਭਗਤ ਰਵਿਦਾਸ ਅਤੇ ਭਗਤ ਧੰਨਾ ਜੀ ਦੀ ਬਾਣੀ ਦਰਜ ਹੋਈ ਹੈ।

ਇਹ ਰਾਗ ਪੰਜਾਬ ਦਾ ਪੁਰਾਤਨ ਅਤੇ ਹਰਮਨ ਪਿਆਰਾ ਰਾਗ ਹੈ। ਗੁਰਮਤ ਸੰਗੀਤ ਪਰੰਪਰਾ ਵਿੱਚ ਇਸ ਰਾਗ ਦਾ ਗਾਇਨ ਸਭ ਤੋਂ ਵਧ ਹੋਇਆ ਹੈ। ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਸੋਦਰ ਦੀ ਚੌਕੀ ਦਾ ਕੀਰਤਨ ਇਸੇ ਰਾਗ ਵਿੱਚ ਕੀਤਾ ਜਾਂਦਾ ਹੈ। ਇਹ ਰਾਗ ਪੰਜਾਬ ਦਾ ਵਿਸ਼ੇਸ਼ ਰਾਗ ਪ੍ਰਤੀਤ ਹੁੰਦਾ ਹੈ। ਇਸ ਦਾ ਉਲੇਖ ਭਾਰਤੀ ਸਨਾਤਨੀ ਸੰਗੀਤ ਗ੍ਰੰਥਾਂ ਵਿੱਚ ਪ੍ਰਾਪਤ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਰਾਗਮਾਲਾ ਵਿੱਚ ਇਸ ਰਾਗ ਦਾ ਨਾਮ ਆਇਆ ਹੈ। ਇਥੇ ਇਸ ਨੂੰ ਮੇਘ ਰਾਗ ਦੀ ਰਾਗਨੀ ਦੱਸਿਆ ਹੈ :

***ਸੋਰਠਿ ਗੋਂਡ ਮਲਾਰੀ ਧੁਨੀ॥***
***ਪੁਨਿ ਗਾਵਹਿ ਆਸਾ ਗੁਨ ਗੁਨੀ॥***

(ਰਾਗਮਾਲਾ, ਪੰਨਾ 1430)

ਭਗਤ ਕਵੀਆਂ ਦੀ ਬਾਣੀ ਦਾ ਇਸ ਰਾਗ ਵਿੱਚ ਪ੍ਰਾਪਤ ਹੋਣਾ ਦਰਸਾਉਂਦਾ ਹੈ ਕਿ ਇਹ ਰਾਗ ਭਗਤੀ ਕਾਵਿ ਅਤੇ ਭਗਤੀ ਸੰਗੀਤ ਪਰੰਪਰਾ ਦਾ ਵਿਸ਼ੇਸ਼ ਰਾਗ ਰਿਹਾ ਹੈ। ਸ਼ੇਖ ਫਰੀਦ ਜੀ ਦੀ ਬਾਣੀ ਵੀ ਇਸ ਰਾਗ ਵਿੱਚ ਦਰਜ ਹੈ ਇਸ ਤੋਂ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਰਾਗ ਸੂਫੀ ਸੰਗੀਤ ਪਰੰਪਰਾ ਵੀ ਵਿੱਚ ਪ੍ਰਚਲਤ ਰਿਹਾ ਹੈ। ਫਰੀਦ ਜੀ ਦੀ ਸੂਫੀ ਪਰੰਪਰਾ ਵਿੱਚ ਇਸ ਰਾਗ ਦਾ ਲਗਾਤਾਰ ਗਾਇਨ ਹੁੰਦਾ ਰਿਹਾ ਹੈ। ਜਨਮ ਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਸ਼ੇਖ ਫਰੀਦ ਦੀ ਗੱਦੀ ਤੇ ਬੈਠੇ ਸ਼ੇਖ ਬ੍ਰਹਮ ਨੂੰ ਮਿਲਦੇ ਹਨ ਤਾਂ ਉਹ ਗੁਰੂ ਸਾਹਿਬ ਨੂੰ ਵਾਰ ਸੁਣਾਉਣ ਲਈ ਫਰਮਾਇਸ਼ ਕਰਦਾ ਹੈ। ਵਲਾਇਤ ਵਾਲੀ ਜਨਮ ਸਾਖੀ ਜਿਸਨੂੰ ਪੁਰਾਤਨ ਜਨਮ ਸਾਖੀ ਵੀ ਕਿਹਾ ਜਾਂਦਾ ਹੈ ਅਨੁਸਾਰ ਗੁਰੂ ਨਾਨਕ ਦੇਵ ਜੀ ਦੁਆਰਾ ਆਸਾ ਰਾਗ ਵਿੱਚ ਰਚਿਤ ਵਾਰ ਦੀ ਰਚਨਾ ਸ਼ੇਖ ਬ੍ਰਹਮ ਨੂੰ ਉਪਦੇਸ਼ ਦੇਣ ਹਿਤ ਹੋਈ।

ਇਸ ਜਨਮ ਵਿੱਚ ਲਿਖਿਆ ਹੈ: *ਸ਼ੇਖ ਨੇ ਕਿਹਾ- ਨਾਨਕ, ਹਿਕ ਖੁਦਾਇ ਕੀ ਵਾਰ ਸੁਣਾਇ, ਅਸਾਨੂੰ ਇਹ ਮਖਸੂਦ ਹੈ, ਜੋ ਵਾਰ ਦੁਹੁ ਬਾਝੂ ਹੋਂਦੀ ਨਾਹੀਂ ਅਤੇ ਤੂ ਇਕੋ ਹਿਕੁ ਆਖਦਾ ਹੈਂ ਵੇਖਾਂ ਖੁਦਾਇ ਦਾ ਸਰੀਕ ਤੂ ਕਵਣ ਕਰਸੀ ? ਤੂ ਬਾਬੇ ਆਖਿਆ, ਮਰਦਾਨਿਆ, ਰਬਾਬੁ ਵਜਾਇ। ਤਾ ਮਰਦਾਨੇ ਰਬਾਬੁ ਵਜਾਇਆ, ਰਾਗ ਆਸਾ ਕੀਤਾ ਬਾਬੇ ਸਲੋਕੁ ਦਿਤਾ, ਸਲੋਕ ਸਤਿਗੁਰੂ ਪ੍ਰਸਾਦਿ ਆਸਾ ਕੀ ਵਾਰ ਮਹਲਾ ੧— ।*[1]

ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਅਨੁਸਾਰ ਗੁਰੂ

ਨਾਨਕ ਦੇਵ ਜੀ ਨੇ ਆਸਾ ਰਾਗ ਦੀ ਵਾਰ ਸੁਣਾਉਣ ਹਿਤ ਮਰਦਾਨੇ ਨੂੰ ਆਦੇਸ਼ ਕਰਨ ਵੇਲੇ ਆਸਾ ਦੀ ਵਾਰ ਦੇ ਨਾਲ ਨਾਲ ਗਉੜੀ ਅਤੇ ਰਾਮਕਲੀ ਰਾਗ ਬਾਰੇ ਵੀ ਟਿਪਣੀ ਕੀਤੀ ਹੈ।

ਭਾਈ ਮਨੀ ਸਿੰਘ ਜੀ[2] ਲਿਖਦੇ ਹਨ– *ਫਿਰ ਸੇਖ ਬ੍ਰਹਮ ਕਹਿਆ ਕਿ ਜੋ ਜੀ ਢਾਢੀ ਰਾਜਿਓਂ ਕੀ ਵਾਰ ਗਾਵਤੇ ਹੈਂ ਸੋ ਰਾਜੇ ਭੀ ਪ੍ਰਸੰਨ ਹੋਵਤੇ ਹੈਂ ਅਰ ਸੂਰਮੇਂ ਭੀ ਪ੍ਰਸੰਨ ਹੋ ਕੇ ਜੁਧ ਕਰਤੇ ਹੈਂ ਅਰ ਕਾਇਰਾਂ ਦੇ ਮਨ ਮੈਂ ਭੀ ਜੁੱਧ ਕਾ ਉਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ ਅਤੇ ਸੰਤ ਭੀ ਪ੍ਰਸੰਨ ਹੋਤੇ ਹੈਂ, ਅਰ ਜੋਨਿ ਸੋ ਜਗਯਾਂਸੀ ਹੈਂ ਤਿਨੋਂ ਕੋਂ ਭੀ ਮਨ ਅਰ ਇੰਦ੍ਰੀਅਹੁ ਕੇ ਜੀਤਨੇ ਕਾ ਉਦਮ ਹੋਇ ਆਵਤਾ ਹੈ। ਤਾਂ ਤੇ ਤੁਸੀ ਮੇਰੇ ਤਾਂਈ ਕਾਈ ਪਰਮੇਸਰ ਕੀ ਵਾਰ ਸੁਣਾਵਹੁ। ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਗਉੜੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਹਮਾਰੇ ਸਭੀ ਰਾਗ ਹੈਂ ਅਰ ਇਹ ਪੀਰ ਆਸਾਵੰਤ ਆਇਆ ਹੈ ਸੋ ਆਸਾ ਕੇ ਰਾਗ ਵਿਚ ਵਾਰ ਸੁਣਾਵਹੁ।*

ਆਸਾ ਰਾਗ ਪੰਜਾਬ ਦੇ ਲੋਕ ਸੰਗੀਤ ਵਿੱਚ ਵੀ ਗਾਇਨ ਕੀਤਾ ਜਾਂਦਾ ਹੈ। ਇਸ ਰਾਗ ਵਿੱਚ ਦਰਜ ਹੋਏ ਗੁਰੂ ਰਾਮ ਦਾਸ ਜੀ ਦੇ ਛੰਤ ਆਸਾ ਦੀ ਵਾਰ ਨਾਲ ਮਿਲਾ ਕੇ ਗਾਇਨ ਕੀਤੇ ਜਾਂਦੇ ਹਨ। ਛੰਤ ਇੱਕ ਲੋਕ ਕਾਵਿ ਰੂਪ ਅਤੇ ਗਾਇਨ ਸ਼ੈਲੀ ਹੈ। ਆਸਾ ਰਾਗ ਵਿੱਚ ਛੰਤਾਂ ਦੀ ਇੱਕ ਵਿਸ਼ੇਸ਼ ਵੰਨਗੀ ਰਹੋਏ ਕੇ ਛੰਤ, ਛੰਤਾਂ ਕੀ ਜਤ **ਸ਼ੈਲੀ** ਅਧੀਨ ਵੀ ਗਾਇਨ ਕੀਤੇ ਜਾਂਦੇ ਹਨ।

ਪੰਜਾਬ ਵਿੱਚ ਪ੍ਰਚਲਤ ਟੁੰਡੇ ਅਸ ਰਾਜੇ ਦੀ ਲੋਕ ਵਾਰ ਦੀ ਧੁਨੀ ਉਤੇ ਸਵੇਰੇ ਆਸਾ ਦੀ ਵਾਰ ਦਾ ਗਾਇਨ ਅਤੇ ਸ਼ਾਮ ਨੂੰ ਸੋਦਰ ਦੀ ਚੌਂਕੀ ਦਾ ਗਾਇਨ ਦਰਸਾਉਂਦਾ ਹੈ ਕਿ ਇਹ ਰਾਗ ਪੰਜਾਬ ਦੇ ਲੋਕਾਂ ਦਾ ਹਰਮਨ ਪਿਆਰਾ ਰਾਗ ਰਿਹਾ ਹੈ।

ਗੁਰਮਤਿ ਸੰਗੀਤ ਪਰੰਪਰਾ ਵਿੱਚ ਇਸ ਰਾਗ ਦਾ ਸਰਬ ਪ੍ਰਵਾਨਿਤ ਕਿਰਿਆਤਮਕ ਸਰੂਪ ਨਿਮਨ ਲਿਖਤ ਅਨੁਸਾਰ ਹੈ:

ਥਾਟ: ਬਿਲਾਵਲ, ਜਾਤੀ: ਔਡਵ-ਸੰਪੂਰਨ, ਸਮਾਂ:ਸਵੇਰ ਅਤੇ ਸ਼ਾਮ

ਵਾਦੀ: ਮਧਿਅਮ, ਸੰਵਾਦੀ: ਸ਼ਡਜ

ਆਰੋਹ: ਸ ਰੇ ਮ ਪ ਧ ਸਂ

ਅਵਰੋਹ: ਸਂ ਨੀ ਧ ਪ, ਮ, ਗ ਰੇ, ਸ ਗ ਰੇ ਗ ਸ

ਆਸਾ ਰਾਗ ਵਿੱਚ ਪਦੇ, ਅਸ਼ਟਪਦੀਆਂ, ਛੰਤ ਆਦਿ ਦਾ ਗਾਇਨ ਤਾਂ ਹੁੰਦਾ ਹੀ ਹੈ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਦੁਆਰਾ ਰਚਿਤ ਪੱਟੀ ਰਚਨਾਵਾਂ ਦਾ ਗਾਇਨ ਵੀ ਹੁੰਦਾ ਰਿਹਾ ਹੈ। ਇਹਨਾਂ ਲਮੇਰੀਆਂ ਰਚਨਾਵਾਂ ਉੱਤੇ ਰਾਗ ਆਸਾ ਦੇ ਸੰਕੇਤ ਦਾ ਦਰਜ ਹੋਣਾ ਅਤੇ ਰਹਾਉ ਦੀ ਤੁਕ ਦਾ ਆਉਣਾ ਇਹ ਦਰਸਾਉਂਦਾ ਹੈ ਕਿ ਇਹ ਰਚਨਾਵਾਂ ਗਾਇਨ ਕੀਤੀਆਂ ਜਾ ਸਕਦੀਆਂ ਹਨ। ਅੱਜ-ਕਲ ਲਮੇਰੀਆਂ ਰਚਨਾਵਾਂ ਦੇ ਗਾਇਨ ਕਰਨ ਦਾ ਰਿਵਾਜ ਭਾਵੇਂ ਘਟ ਗਿਆ ਹੈ ਪਰ ਪੁਰਾਤਨ ਕਾਲ ਵਿੱਚ ਅਜਿਹੀਆਂ ਲੰਮੇਰੀਆਂ ਕਾਵਿ ਰਚਨਾਵਾਂ ਨੂੰ ਵਿਸ਼ੇਸ਼ ਰੂਪ ਵਿੱਚ ਗਾਇਨ ਕਰਨ ਦੀ ਪਰੰਪਰਾ ਰਹੀ ਹੈ। ਪੰਡਤ ਚਿੰਤਾਮਣੀ ਅਨੁਸਾਰ ਪੁਰਾਤਨ ਕਾਲ ਵਿੱਚ ਸਤੁਤੀ, ਸਤਾਵਨ ਸਤੋਤਰ ਗਾਇਨ ਪੱਧਤੀ ਦਾ ਅਵਿਸ਼ਕਾਰ ਅਜੇਹੀਆਂ ਲੰਮੇਰੀਆਂ ਰਚਨਾਵਾਂ ਦੇ ਗਾਇਨ ਲਈ ਹੋਇਆ।[3] **ਰਾਗ** ਆਸਾ ਵਿੱਚ ਕੁਝ ਵਿਸ਼ੇਸ਼ ਬਾਣੀਆਂ ਵਿਸ਼ੇਸ਼ ਗਾਇਨ ਸ਼ੈਲੀਆਂ ਅਧੀਨ ਗਾਇਨ ਕਰਨ ਲਈ ਦਰਜ ਕੀਤੀ ਗਈਆਂ ਹਨ। ਕੁਝ ਦਾ ਵੇਰਵਾ ਅੱਗੇ ਦਿਤਾ ਜਾ ਰਿਹਾ ਹੈ:

ਆਸਾ ਦੀ ਵਾਰ: **ਆਸਾ** ਰਾਗ ਵਿੱਚ ਜੇ ਕੋਈ ਸਭ ਤੋਂ ਵਧ ਰਚਨਾ ਗਾਇਨ ਕੀਤੀ ਗਈ ਹੈ ਤਾਂ ਉਹ ਆਸਾ ਦੀ ਵਾਰ ਹੈ। ਲਗਭਗ ਹਰ ਗੁਰਦੁਆਰੇ ਵਿੱਚ ਇਸ ਵਾਰ ਦਾ ਗਾਇਨ ਹੁੰਦਾ ਹੈ। **ਗੁਰੂ** ਗ੍ਰੰਥ ਸਾਹਿਬ ਵਿੱਚ ਇਸ ਵਾਰ ਦਾ ਸਿਰਲੇਖ ਆਸਾ ਰਾਗ ਦੇ ਪੁਰਾਤਨ ਕਾਲ ਤੋਂ ਪ੍ਰਚਲਤ ਹੋਣ ਦੀ ਗਵਾਹੀ ਭਰਦਾ ਹੈ ਜਦੋਂ ਅਸੀਂ ਵੇਖਦੇ ਹਾਂ ਇਸ ਰਾਗ ਵਿੱਚ ਇੱਕ ਪੁਰਾਤਨ ਲੋਕ ਵਾਰ ਦਾ ਵੀ ਗਾਇਨ ਹੁੰਦਾ ਆ ਰਿਹਾ ਹੈ।

**ਆਸਾ ਮਹਲਾ ੧**

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ
ਟੁੰਡੇ ਅਸਰਾਜੈ ਕੀ ਧੁਨੀ।

(ਸ੍ਰੀਗੁਰੂ ਗ੍ਰੰਥ ਸਾਹਿਬ ਪੰਨਾ 462)

ਗੁਰੂ ਨਾਨਕ ਦੇਵ ਜੀ ਦਾ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਦੇ ਅਧਾਰ ਤੇ ਆਪਣੀ ਵਾਰ ਗਾਇਨ ਕਰਨ ਦਾ ਆਦੇਸ਼ ਦੇਣਾ ਇਹ ਸਾਬਤ ਕਰਦਾ ਹੈ ਕਿ ਟੁੰਡੇ ਅਸ ਰਾਜੇ ਦੀ ਵਾਰ ਉਸ ਵੇਲੇ ਪੰਜਾਬ ਦੀ ਲੋਕ ਧਾਰਾ ਵਿੱਚ ਬਹੁਤ ਪ੍ਰਚਲਤ ਸੀ। ਆਮ ਲੋਕਾਂ ਵਿੱਚ ਆਪਣੀ ਵਾਰ ਪ੍ਰਚਲਤ

ਕਰਨ ਲਈ ਇਸ ਧੁਨੀ ਨੂੰ ਗੁਰੂ ਸਾਹਿਬ ਨੇ ਉਸੇ ਤਰਾਂ ਅਪਨਾਇਆ ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਲੋਕ ਗੀਤਾਂ ਛੰਤ, ਅਲਾਹੁਣੀਆਂ, ਘੋੜੀਆਂ ਆਦਿ ਦੀਆਂ ਧੁਨੀਆਂ/ ਤਰਜ਼ਾਂ ਉਪਰ ਗਾਇਨ ਕਰਨ ਲਈ ਬਾਣੀ ਰਚਨਾ ਕੀਤੀ ਗਈ ਹੈ।

ਜਿਵੇਂ ਕਿ ਪਹਿਲਾਂ ਦੱਸ ਚੁਕੇ ਹਾਂ ਕਿ ਸਿੱਖ ਜਗਤ ਵਿੱਚ ਇਸ ਵਾਰ ਦਾ ਗਾਇਨ ਬਾਕੀ ਸਾਰੀਆਂ ਰਚਨਾਵਾਂ ਨਾਲੋਂ ਵਧੇਰੇ ਹੋਇਆ ਹੈ। ਅਜੇ ਵੀ ਸਿੱਖ ਧਾਰਮਿਕ ਸਥਾਨਾਂ ਤੇ ਇਸ ਵਾਰ ਨੂੰ ਗਾਇਨ ਕਰਨ ਲਈ ਵਿਸ਼ੇਸ਼ ਚੌਕੀ ਲਗਾਈ ਜਾਂਦੀ ਹੈ। ਭਾਈ ਕਾਹਨ ਸਿੰਘ ਨਾਭਾ ਅਨੁਸਾਰ[4] ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਲਈ ਜਿਹੜੀਆਂ ਚਾਰ ਚੌਂਕੀਆਂ ਨਿਸਚਿਤ ਕੀਤੀਆਂ ਸਨ ਉਹਨਾਂ ਵਿਚੋਂ ਇਕ ਚੌਕੀ ਆਸਾ ਦੀ ਵਾਰ ਦੇ ਕੀਰਤਨ ਦੀ ਹੈ। ਇਹ ਕੀਰਤਨ ਅੰਮ੍ਰਿਤ ਵੇਲੇ ਕੀਤਾ ਜਾਂਦਾ ਹੈ। ਇਸ ਵਾਰ ਦੀ ਗਾਇਨ ਵਿਧੀ ਵਿੱਚ ਗੁਰੂ ਰਾਮ ਦਾਸ ਜੀ ਦੇ ਆਸਾ ਰਾਗ ਵਿੱਚ ਰਚੇ ਹੋਏ ਛੰਤਾਂ ਦੇ 24 ਛਕੇ ਵੀ ਸ਼ਾਮਲ ਕੀਤੇ ਜਾਂਦੇ ਹਨ। ਮਹਾਨ ਕੋਸ਼[5] ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਆਸਾ ਦੀ ਵਾਰ ਦੇ ਨਾਲ ਇਹਨਾਂ ਛਕਿਆਂ ਨੂੰ ਮਿਲਾ ਕੇ ਕੀਰਤਨ ਕਰਨਾ ਸਿਖਾਇਆ ਹੈ। ਇਸ ਤਰ੍ਹਾਂ ਇਸ ਵਾਰ ਦੇ ਗਾਇਨ ਦੀ ਤਰਤੀਬ ਹੇਠ ਲਿਖੇ ਅਨੁਸਾਰ ਬਣ ਜਾਂਦੀ ਹੈ।

ਪਹਿਲਾਂ ਰਾਗ ਆਸਾ ਵਿੱਚ ਗੁਰੂ ਰਾਮ ਦਾਸ ਜੀ ਦਾ ਇੱਕ ਛੱਕਾ- ਛੰਤ ਗਾਇਆ ਜਾਂਦਾ ਹੈ। ਆਮ ਤੌਰ ਤੇ ਇਹ ਛੱਕਾ ਇਕਤਾਲ ਵਿੱਚ ਗਾਇਆ ਜਾਂਦਾ ਹੈ। ਫੇਰ ਵਾਰ ਨਾਲ ਦਰਜ ਸਲੋਕ ਦਾ ਬਿਨਾਂ ਤਾਲ ਤੋਂ ਤਰੰਨਮ ਵਿੱਚ ਗਾਇਨ ਕੀਤਾ ਜਾਂਦਾ ਹੈ। ਇੱਕ ਸਲੋਕ ਇਕ ਰਾਗੀ ਗਾਉਂਦਾ ਹੈ। ਫੇਰ ਦੂਜਾ ਸਲੋਕ ਦੂਜਾ ਰਾਗੀ। ਇਸ ਤਰ੍ਹਾਂ ਸਲੋਕਾਂ ਦਾ ਗਾਇਨ ਰਾਗੀ ਵਾਰੋ ਵਾਰੀ ਕਰਦੇ ਹਨ। ਉਪਰੰਤ ਪਉੜੀ ਨੂੰ ਸਾਰੇ ਰਾਗੀ ਇਕੱਠੇ ਗਾਉਂਦੇ ਹਨ। ਪਉੜੀ ਨਾਲ ਇੱਕ ਵਿਸ਼ੇਸ਼ ਤਾਲ ਵਜਾਈ ਜਾਂਦੀ ਹੈ ਇਸ ਦੇ ਬੋਲ ਹਨ :

×

ਗੇ **ਤਿਟ ਤਾ ਗੇ ਤਾ**

ਪਉੜੀ ਦੀ ਅੰਤਲੀ ਤੁਕ ਦਾ ਤੋਲ ਬਾਕੀ ਤੁਕਾਂ ਦੇ ਮੁਕਾਬਲੇ ਅੱਧਾ ਹੈ। ਗਾਇਨ ਵਿੱਚ ਇਸ ਦੇ ਮੁਕਾਅ ਦਾ ਢੰਗ ਵੀ ਵਿਸ਼ੇਸ਼ ਹੈ। ਇਸ ਨੂੰ ਨਿਮਨਲਿਖਤ ਅਨੁਸਾਰ ਇੱਕ ਮਾਤਰਾ ਵਧਾ ਕੇ ਇਸ ਦਾ ਮੁਕਾ ਕੀਤਾ ਜਾਂਦਾ ਹੈ :

***ਕਰਿ ਆਸਣ-ਡਿਠੋ ਚਾਉ-ਡਿਠੋ ਚਾਉ-ਡਿਠੋ ਚਾ-ਉ।***

ਫੇਰ ਇਸ ਪਉੜੀ ਦਾ ਪਾਠ ਤਬਲੇ ਵਾਲਾ ਬਿਨਾਂ ਤਾਲ ਦੇ ਕਰਦਾ ਹੈ। ਫੇਰ ਦੂਜਾ ਛੱਕਾ ਗਾਇਆ ਜਾਂਦਾ ਹੈ। ਇਸੇ ਤਰ੍ਹਾਂ ਸਾਰੀਆਂ ਪਉੜੀਆਂ ਗਾਈਆਂ ਜਾਂਦੀਆਂ ਹਨ। ਕਈ ਵਾਰ ਰਾਗੀ ਆਪਣੀ ਮਰਜ਼ੀ ਨਾਲ ਛੱਕੇ ਦੇ ਭਾਵਾਂ ਨਾਲ ਮਿਲਦੇ-ਜੁਲਦੇ ਸ਼ਬਦਾਂ ਦਾ ਗਾਇਨ ਵੀ ਕਰਦੇ ਹਨ।

ਧੁਨ ਵਾਲੀ ਵਾਰ ਦਾ ਅਤੇ ਆਸਾ ਦੀ ਵਾਰ ਦਾ ਤੋਲ ਆਪਸ ਵਿੱਚ ਮਿਲਦਾ ਹੈ। ਦੋਵੇਂ ਇੱਕ ਹੀ ਧੁਨ ਉੱਤੇ ਗਾਈਆਂ ਜਾ ਸਕਦੀਆਂ ਹਨ। ਹੋ ਸਕਦਾ ਕਿ ਜਿਹੜੀ ਧੁਨੀ ਅੱਜਕਲ੍ਹ ਆਸਾ ਦੀ ਵਾਰ ਦੇ ਗਾਇਨ ਲਈ ਪ੍ਰਚਲਤ ਹੈ ਉਹ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਹੋਵੇ :

**ਧੁਨੀ ਵਾਲੀ ਵਾਰ**

ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ॥
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹੀ ਅੱਜੇ॥ [6]

**ਆਸਾ ਦੀ ਵਾਰ**

ਆਪੀਨੈ **ਆਪੁ ਸਾਜਿਓ ਆਪੀਨੈ ਰਚਿਓ ਨਾਉ॥**
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 463)

**ਸੋਦਰ:**

**ਆਸਾ** ਦੀ ਵਾਰ ਵਾਂਗ ਗੁਰੂ ਨਾਨਕ ਦੇਵ ਜੀ ਦਾ ਰਚਿਆ ਸ਼ਬਦ ਸੋਦਰ ਵੀ ਉਹਨਾਂ ਦੇ ਜੀਵਨ ਕਾਲ ਸਮੇਂ ਤੋਂ ਹੀ ਆਸਾ ਰਾਗ ਵਿੱਚ ਗਾਇਨ ਕੀਤਾ ਜਾ ਰਿਹਾ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਤਿੰਨ ਵਾਰ ਦਰਜ ਹੋਇਆ ਹੈ। ਪਹਿਲੀ ਵਾਰ ਜਪੁਜੀ ਦੀ ਸਤਾਈਵੀਂ ਪਉੜੀ ਦੇ ਰੂਪ ਵਿੱਚ, ਦੂਜੀ ਵਾਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਈਆਂ ਪਹਿਲੀਆਂ ਬਾਣੀਆਂ ਵਿੱਚ ਜਿਸਨੂੰ ਅੱਜ ਕਲ੍ਹ ਰਹਿਰਾਸ ਵੀ ਕਿਹਾ ਜਾਂਦਾ ਹੈ ਅਤੇ ਤੀਜੀ ਵਾਰ ਰਾਗ ਆਸਾ ਦੀ ਬਾਣੀ ਵਿੱਚ ਦਰਜ ਹੋਇਆ ਹੈ। ਇਸ ਸ਼ਬਦ ਨੂੰ ਇੱਕ ਵਿਸ਼ੇਸ਼ ਸ਼ੈਲੀ ਵਿੱਚ ਗਾਇਨ ਕੀਤਾ ਜਾਂਦਾ ਹੈ। ਇਸ ਦੇ ਗਾਇਨ ਕਰਨ ਲਈ ਗੁਰਮਤਿ ਸੰਗੀਤ ਪਰੰਪਰਾ ਵਿੱਚ ਇੱਕ ਵਿਸ਼ੇਸ਼ ਚੌਕੀ ਦਾ ਗਠਨ ਕੀਤਾ ਗਿਆ ਹੈ। ਇਸ ਚੌਕੀ ਨੂੰ ਸੋਦਰ ਦੀ ਚੌਕੀ ਕਿਹਾ ਜਾਂਦਾ ਹੈ। ਇਸ ਨੂੰ ਗਾਇਨ ਕਰਨ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚੱਲੀ ਆ ਰਹੀ ਹੈ। ਸਿੱਖ ਇਤਿਹਾਸ ਤੋਂ ਪ੍ਰਗਟ ਹੁੰਦਾ ਹੈ ਕਿ ਉਦਾਸੀਆਂ ਉਪਰਾਂਤ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਨੇ ਕਰਤਾਰ ਪੁਰ ਵਿਖੇ ਸਿੱਖ ਧਰਮਸਾਲ (ਗੁਰਦੁਆਰਾ) ਦੇ ਸੰਸਸਥਾਗਤ ਪ੍ਰਚਲਨ ਲਈ ਵਾਸ ਕੀਤਾ ਤਾਂ ਉਸ ਸਮੇ ਸੋਦਰ ਦਾ ਗਾਇਨ ਕੀਤਾ ਜਾਂਦਾ ਸੀ:

***ਫਿਰਿ ਬਾਬਾ ਆਇਆ ਕਰਤਾਰ ਪੁਰਿ***
***ਭੇਖ ਉਦਾਸੀ ਸਗਲ ਉਤਾਰਾ॥***

————————————-

*ਗਿਆਨ ਗੋਸਟਿ ਚਰਚਾ ਸਦਾ*

*ਅਨਹਦਿ ਸਬਦਿ ਪਿਛੇ ਧੁਨਕਾਰਾ ॥*

*ਸੋਦਰੁ ਆਰਤੀ ਗਾਵੀਐ*

*ਅੰਮ੍ਰਿਤ ਵੇਲੇ ਜਪ ਉਚਾਰਾ ॥*

(ਭਾਈ ਗੁਰਦਾਸ, ਵਾਰ 1, ਪਉੜੀ 38)

ਅੱਜਕਲ੍ਹ ਵੀ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿੱਚ ਸੋਦਰ ਦੀ ਚੌਂਕੀ ਦਾ ਕੀਰਤਨ ਰਹਿਰਾਸ ਤੋਂ ਪਹਿਲਾਂ ਕੀਤਾ ਜਾਂਦਾ ਹੈ।

ਸੋਦਰ ਗਾਇਨ ਕਰਨ ਤੋਂ ਪਹਿਲਾਂ ਰਾਗੀ ਆਸਾ ਦੀ ਵਾਰ ਦੇ ਆਖਰੀ ਛੱਕੇ (ਹਰਿ ਜੁਗ ਜੁਗ ਭਗਤ ਉਪਾਇਆ ) ਦਾ ਗਾਇਨ ਰਾਗ ਆਸਾ ਅਤੇ ਇਕਤਾਲ ਵਿੱਚ ਕਰਦੇ ਹਨ। ਉਪਰੰਤ ਆਸਾ ਦੀ ਵਾਰ ਦਾ ਸਲੋਕ (ਦੁਖ ਦਾਰੂ ਸੁਖ ਰੋਗ ਭਇਆ) ਉਚਾਰਿਆ ਜਾਂਦਾ ਹੈ ਅਤੇ ਫਿਰ ਸੋਦਰ ਦਾ ਗਾਇਨ ਪਉੜੀ ਸ਼ੈਲੀ ਵਿੱਚ ਕੀਤਾ ਜਾਂਦਾ ਹੈ। ਆਮ ਤੌਰ ਤੇ ਇਹ ਸ਼ੈਲੀ ਟੁੰਡੇ ਅਸ ਰਾਜੇ ਵਾਲੀ ਵਾਰ ਦੀ ਧੁਨੀ ਵਾਲੀ ਹੀ ਹੁੰਦੀ ਹੈ। ਇਸ ਦਾ ਮੁਕਾਉ ਵੀ ਆਸਾ ਦੀ ਵਾਰ ਦੀ ਆਖਰੀ ਪਉੜੀ ਵਾਂਗ ਕੀਤਾ ਜਾਂਦਾ ਹੈ।

ਆਸਾ ਰਾਗ ਦੀ ਬਾਣੀ ਵਿੱਚ ਗੁਰਮਤ ਸੰਗੀਤ ਦੇ ਮਹੱਤਵ ਬਾਰੇ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ।

ਗੁਰਮਤਿ ਸੰਗੀਤ ਵਿੱਚ ਗੁਰਬਾਣੀ ਨੂੰ ਰਾਗਾਂ ਵਿੱਚ ਗਾਇਨ ਕਰਨ ਦੀ ਪ੍ਰਕਿਰਿਆ ਨੂੰ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਦੀ ਮਹੱਤਤਾ ਸਬੰਧੀ ਆਸਾ ਰਾਗ ਦੀ ਬਾਣੀ ਵਿੱਚ ਕੀਤੇ ਕਥਨ ਉਲੇਖ ਯੋਗ ਹਨ। ਇਹ ਵਿਚਾਰ ਇਤਨੇ ਸਪਸ਼ਟ ਹਨ ਕਿ ਇਹਨਾਂ ਦੀ ਵਿਆਖਿਆ ਕਰਨ ਦੀ ਲੋੜ ਮਹਿਸੂਸ ਨਹੀਂ ਹੁੰਦੀ। ਕੀਰਤਨ ਸਬੰਧੀ ਇਸ ਰਾਗ ਅਧੀਨ ਦਰਜ ਗੁਰਬਾਣੀ ਦੀਆਂ ਕੁਝ ਤੁਕਾਂ ਨਿਮਨਲਿਖਤ ਹਨ:

*ਭਗਤ ਜਨਾ ਕਉ ਸਦਾ ਅਨੰਦੁ ਹੈ*

*ਹਰਿ ਕੀਰਤਨ ਗਾਇ ਬਿਗਸਾਵੈ ॥*

(ਆਸਾ ਮਹਲਾ 5, ਪੰਨਾ 373)

*ਧੰਨੁ ਸੁ ਕਲਜੁਗੁ ਸਾਧ ਸੰਗਿ ਕੀਰਤਨੁ ਗਾਈਐ*

*ਨਾਨਕ ਨਾਮ ਆਧਾਰ ਹੀਓ ॥*

(ਆਸਾ ਮਹਲਾ 5, ਪੰਨਾ 382)

*ਦਿਨਸੁ ਰੈਨਿ ਹਰਿ ਕੀਰਤਨ ਗਾਈਐ ॥*

*ਸੋ ਜਨੁ ਜਮ ਕੀ ਵਾਟ ਨ ਪਾਈਐ ॥*

(ਆਸਾ ਮਹਲਾ 5, ਪੰਨਾ 386)

*ਰਾਜ ਲੀਲਾ ਤੇਰੈ ਨਾਮਿ ਬਨਾਈ ॥*

*ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥*

(ਆਸਾ ਮਹਲਾ 5 ਪੰਨਾ 385)

*ਮਿਟੇ ਦੂਖ ਕਲਿਆਣ ਕੀਰਤਨੁ ਬਹੁੜ ਜੋਨਿ ਨ ਪਾਵਾ ॥*

(ਆਸਾ ਮਹਲਾ 5 ਪੰਨਾ 453)

ਕੀਰਤਨ ਦੀ ਮਹੱਤਤਾ ਕਾਰਨ ਗੁਰੂ ਸਾਹਿਬ ਉਸ ਸਥਾਨ ਬਾਰੇ ਸਪਸ਼ਟ ਕਰਦੇ ਹਨ ਜਿਥੇ ਹਰ ਸਮੇਂ ਕੀਰਤਨ ਹੁੰਦਾ ਹੈ:

*ਸੋ ਅਸਥਾਨ ਬਤਾਵਹੁ ਮੀਤਾ ॥*

*ਜਾ ਕੈ ਹਰਿ ਹਰਿ ਕੀਰਤਨ ਨੀਤਾ ॥*

——————————————

*ਸਾਧ ਸੰਗਿ ਹਰਿ ਕੀਰਤਨ ਗਾਈਐ ॥*

*ਇਹੁ ਅਸਥਾਨ ਗੁਰੂ ਤੇ ਪਾਈਐ ॥*

(ਆਸਾ ਮਹਲਾ 5, ਪੰਨਾ 385)

ਪਰ ਇਹ ਕੀਰਤਨ ਦਾ ਰਸ ਕਿਸੇ ਵਿਰਲੇ ਨੂੰ ਪ੍ਰਾਪਤ ਹੁੰਦਾ ਹੈ:

*ਅੰਮ੍ਰਿਤ ਰਸ ਹਰਿ ਕੀਰਤਨੋ ਕੋ ਵਿਰਲਾ ਪੀਵੈ ॥*

(ਆਸਾ ਮਹਲਾ 5, ਪੰਨਾ 400)

ਕੀਰਤਨ ਕਰਨ ਦੀ ਪ੍ਰਕਿਰਿਆ ਇੱਕ ਕਲਾਕਾਰੀ ਕਿਰਿਆ ਹੈ। ਸੰਗੀਤ ਕਲਾ ਦਾ ਅਭਿਆਸ ਕਰਕੇ ਇਸ ਵਿੱਚ ਪ੍ਰਵੀਣ ਹੋ ਕੇ ਕੀਰਤਨ ਕਰਨਾ ਚੰਗਾ ਹੈ । ਪਰ ਕਈ ਵਾਰ ਕੀਰਤਨੀਏ ਨੂੰ ਆਪਣੀ ਕਲਾ ਤੇ ਅਭਿਮਾਨ ਹੋ ਜਾਂਦਾ ਹੈ। ਜਦੋਂ ਉਹ ਇਸ ਅਭਿਮਾਨ ਅਧੀਨ ਕੀਰਤਨ ਕਰਦਾ ਹੈ ਤਾਂ ਉਸ ਦੁਆਰਾ ਕੀਤਾ ਇਹ ਕੀਰਤਨ ਪ੍ਰਭੂ ਦਰ ਤੇ ਪ੍ਰਵਾਨ ਨਹੀਂ ਹੁੰਦਾ। ਆਸਾ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਨੇ ਇਸ ਅਵਸਥਾ ਬਾਰੇ ਵੀ ਵਿਸ਼ੇਸ਼ ਤੌਰ ਤੇ ਕਥਨ ਕੀਤੇ ਹਨ। ਇਸ ਅਵਸਥਾ ਬਾਰੇ ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਆਸਾ ਰਾਗ ਅਧੀਨ ਦਰਜ ਇੱਕ ਸ਼ਬਦ ਦਾ ਹਵਾਲਾ ਦਿੰਦਿਆਂ ਇੱਕ ਸਾਖੀ ਵੀ ਬਿਆਨ ਕੀਤੀ ਹੈ।

ਮਿਹਰਬਾਨ ਵਾਲੀ ਜਨਮ ਸਾਖੀ ਦੀ ਦੂਜੀ ਜਿਲਦ ਵਿੱਚ ਇੱਕ ਸਾਖੀ ਅੰਗਦ **ਜੀ ਦੀ ਰਾਹੀਂ ਮਿਹਰ**[7] ਵਿੱਚ ਲਿਖਿਆ ਹੈ:-

*ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇ। ਅਰੁ ਏਕੁ ਤੀਨਿ ਚਾਰਿ ਬੈਸਨਉ ਗਿਆਨੀ ਆਪਸ ਕਉ ਚਤੁਰ ਬੇਤੇ ਜਾਣਿ ਕਰਿ, ਗੁਰੂ ਬਾਬੇ ਕਉ ਆਇ ਮਿਲੈ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਆਲਾਪਿ ਕਰਿ ਅਰੁ ਰੀਝਿ ਰੀਝਿ*

*ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਣਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਜੀ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹ ਤਉ ਬਹੁਤੁ ਹੀ ਬਹੁਤੁ ਉਮਗਿ ਉਮਗਿ ਕਰਿ ਰਾਗ ਕਉ ਗਾਵਤੇ ਹੈਂ, ਪਰੁ ਜੀ ਦੇਖਾਂ, ਏਨਾਂ ਕੇ ਮਨ ਕੀ ਬਾਤ ਕਿਉ ਕਰਿ ਹੈ ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕੁ ਜੀ ਬਾਣੀ ਬੋਲਿ ਉਠਿਆ, ਆਸਾ ਰਾਗ ਮਹਿ ਜਿ:-*

***ਗਾਵਹਿ ਗੀਤੇ ਚੀਤਿ ਅਨੀਤੇ ॥***
***ਰਾਗੁ ਸੁਨਾਇ ਕਹਾਵਹਿ ਬੀਤੇ ॥***

(ਆਸਾ ਮਹਲਾ ਮਹਲਾ ੧, ਪੰਨਾ 414)

ਆਸਾ ਰਾਗ ਦੇ ਛੰਤਾਂ ਵਿੱਚ ਇਸ ਤਰ੍ਹਾਂ ਦੇ ਭਾਵ ਹੀ ਗੁਰੂ ਰਾਮ ਦਾਸ ਜੀ ਪ੍ਰਗਟ ਕਰਦੇ ਹਨ:

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥***
***ਜਿਨਾ ਅੰਤਰਿ ਕਪਟੁ ਵਿਕਾਰੁ ਹੈ***
***ਤਿਨਾ ਰੋਇ ਕਿਆ ਕੀਜੈ ॥***

**(ਆਸਾ ਮਹਲਾ 4, ਪੰਨਾ 450)**

ਰਾਗ ਆਸਾ ਆਸ਼ਾ ਵਾਦੀ ਭਾਵਾਂ ਦੇ ਅਨੁਕੂਲ ਹੈ। ਗੁਰਮਤਿ ਸੰਗੀਤ ਰਤਨ ਭੰਡਾਰ[8] ਅਨੁਸਾਰ ਇਸ ਰਾਗ ਵਿਚ ਰਿਸ਼ਭ ਵਾਦੀ ਹੈ ਅਤੇ ਭਰਤ ਦੇ ਸੰਗੀਤ ਸਿਧਾਂਤ ਅਨੁਸਾਰ9 ਜਿਨ੍ਹਾਂ ਰਾਗਾਂ ਵਿਚ ਇਹ ਸੁਰ ਵਾਦੀ ਹੋਵੇ ਉਹ ਬੀਰ ਰਸੀ ਭਾਵਾਂ ਜਿਨ੍ਹਾਂ ਦਾ ਸਥਾਈ ਭਾਵ ਉਤਸ਼ਾਹ ਹੈ, ਨੂੰ ਪ੍ਰਗਟ ਕਰਨ ਦੇ ਅਨੁਕੂਲ ਹੁੰਦੇ ਹਨ। ਇਸ ਲਈ ਉਤਸ਼ਾਹ ਦੇ ਭਾਵਾਂ ਨੂੰ ਵਧੇਰੇ ਮਾਤਰਾ ਵਿਚ ਇਸ ਰਾਗ ਰਾਹੀਂ ਪ੍ਰਗਟ ਕਰਨਾ ਕੋਈ ਅਚੇਤ ਕਾਰਜ ਜਾਂ ਅਢੁੱਕਵਾਂ ਨਹੀਂ। ਇਸੇ ਲਈ ਇਸ ਰਾਗ ਦੀ ਬਾਣੀ ਵਿਚ ਸੁਸਤੀ ਨੂੰ ਦੂਰ ਕਰਨ ਦੇ ਭਾਵ ਪ੍ਰਬਲ ਹਨ:

***ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥***

(ਆਸਾ ਮਹਲਾ 5, ਪੰਨਾ 456)

***ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥***

(ਆਸਾ ਮਹਲਾ 5, ਪੰਨਾ 460)

***ਉਠਿ ਵਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥***

(ਆਸਾ ਮਹਲਾ 5, ਪੰਨਾ 459)

ਇਸ ਰਾਗ ਦੀ ਬਾਣੀ ਵਿੱਚ ਆਸ਼ਾ ਵਾਦੀ ਭਾਵਾਂ ਦੇ ਨਾਲ ਨਾਲ ਗੁਰੂ ਸਾਹਿਬਾਨ ਆਸ **ਸ਼ਬਦ** ਦਾ ਪ੍ਰਯੋਗ ਚੰਗੀ ਅਤੇ ਮਾੜੀ ਆਸ ਵਾਸਤੇ ਕਰਦੇ ਹਨ। ਉਸ ਆਸ ਦਾ ਖੰਡਨ ਕੀਤਾ ਹੈ ਜਿਹੜੀ ਮਨੁੱਖ ਨੂੰ ਰਸਾਤਲ ਵੱਲ ਲੈ ਜਾਂਦੀ ਹੈ। ਆਸ ਸ਼ਬਦ ਦਾ ਇਸ ਰਾਗ ਦੀ ਬਾਣੀ ਵਿੱਚ ਬਹੁਤ ਪ੍ਰਯੋਗ ਹੋਇਆ ਹੈ:

***ਖਾਣ ਜੀਵਣ ਕੀ ਬਹੁਤੀ ਆਸ ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 354)

***ਆਸਾ ਮਨਸਾ ਦੋਊ ਬਿਨਾਸਤ***
***ਤ੍ਰਿਹੁ ਗੁਣ ਆਸ ਨਿਰਾਸ ਭਈ ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 356)

***ਆਸ ਨਿਰਾਸੀ ਤਉ ਸੰਨਿਆਸੀ ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 356)

ਏਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਪੰਨਾ 354 ਤੋਂ ਲੈ ਕੇ ਪੰਨਾ 462 ਤਕ 31 ਤੋਂ ਵਧੀਕ ਵਾਰ ਆਸ **ਸ਼ਬਦ** ਦਾ ਪ੍ਰਯੋਗ ਹੋਣਾ ਇਸ ਰਾਗ ਦੀ ਬਾਣੀ ਨੂੰ ਭਾਵ ਪੱਖੋਂ ਵਿਲੱਖਣ ਬਣਾਉਂਦਾ ਹੈ ਅਤੇ ਇਸ ਰਾਗ ਦਾ ਆਸ ਨਾਲ ਨੇੜਲਾ ਸੰਬੰਧ ਦਰਸਾਉਂਦਾ ਹੈ।

-ਇਸ ਰਾਗ ਵਿਚ ਸਥਾਈ ਸ਼ਿੰਗਾਰ ਨਾਲ ਸੰਬੰਧਤ ਭਾਵ ਵੀ ਪ੍ਰਗਟ ਹੋਏ ਹਨ। ਛੰਤਾਂ ਵਿੱਚ ਬੜੀ ਭਾਵ ਭਿੰਨੀ ਸ਼ੈਲੀ ਵਿੱਚ ਸੰਯੋਗ-ਸੁਖ ਪ੍ਰਾਪਤ ਕਰ ਚੁੱਕੀ ਇਥ ਸੁਹਾਗਣ ਇਸਤਰੀ ਰੂਪੀ ਸਾਧਕ ਵਲੋਂ ਨਵ-ਵਿਆਹੁਤਾ ਇਸਤਰੀ ਰੂਪੀ ਜਿਗਿਆਸੂ ਨੂੰ ਪਤੀ -ਪਰਮਾਤਮਾ ਦਾ ਪ੍ਰੇਮ-ਸੁਖ ਪ੍ਰਾਪਤ ਕਰਨ ਪ੍ਰੇਰਿਆ ਹੈ ;

***ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥***
***ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ ॥***
***ਧਨ ਪਿਰਹਿ ਮੇਲਾ ਹੋਇ ਸੁਆਮੀ***
***ਆਪਿ ਪ੍ਰਭੁ ਕਿਰਪਾ ਕਰੇ ॥***
***ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ ॥***

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435-36)

***ਨਿਕਟਿ ਆਨਿ ਪ੍ਰਿਅ ਸੇਜ ਧਰੀ ॥***
***ਕਾਣਿ ਕਢਨ ਤੇ ਛੂਟਿ ਪਰੀ ॥***

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 384)**

***ਮੇਰੀ ਸੇਜੜੀਐ ਆਡੰਬਰੁ ਬਣਿਆ ॥***
***ਮਨਿ ਅਨਦੁ ਭਇਆ ਪ੍ਰਭੁ ਆਵਤੁ ਸੁਣਿਆ ॥***

**(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 459)**

***ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ ॥***
***ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ ॥***
***ਧਨ ਪਿਰਹਿ ਮੇਲਾ ਹੋਇ ਸੁਆਮੀ***
***ਆਪਿ ਪ੍ਰਭੁ ਕਿਰਪਾ ਕਰੇ ॥***
***ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ ॥***

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 435-36)*

ਆਚਾਰੀਆ ਬ੍ਰਹਸਪਤੀ, ਭਰਤ ਦੇ ਸੰਗੀਤ ਸਿਧਾਂਤ ਬਾਰੇ ਲਿਖਦਿਆਂ ਦਸਦੇ ਹਨ ਕਿ ਜਿਨ੍ਹਾਂ ਰਾਗਾਂ ਵਿਚ ਮਧਮ ਸੁਰ ਵਾਦੀ ਹੁੰਦਾ ਹੈ ਉਹ ਰਾਗ ਸ਼ਿੰਗਾਰ ਰਸ ਨੂੰ ਪ੍ਰਗਟਾਉਣ ਦੇ ਯੋਗ ਹੁੰਦੇ ਹਨ।[10] ਆਸਾ ਰਾਗ ਵਿਚ ਕਿਉਂਕਿ ਮਧਮ ਸੁਰ ਵਾਦੀ ਹੈ ਇਸ ਲਈ ਇਸ ਰਾਗ ਰਾਹੀਂ ਸ਼ਿੰਗਾਰ ਰਸੀ ਭਾਵਾਂ ਦਾ ਪ੍ਰਗਟਾਓ ਕਰਨਾ ਬੇਮੇਲ ਨਹੀਂ ਹੈ।

ਸਮੁੱਚੇ ਰੂਪ ਵਿਚ ਇਸ ਰਾਗ ਦੀ ਬਾਣੀ ਵਿਚ ਮੁੱਖ ਤੌਰ ਤੇ ਉਤਸ਼ਾਹ ਅਤੇ ਖੁਸ਼ੀ ਦਾ ਪ੍ਰਗਟਾਵਾ ਵਧੇਰੇ ਹੈ। ਇਸ ਲਈ ਇਹ ਰਾਗ ਇਨ੍ਹਾਂ ਭਾਵਾਂ ਨੂੰ ਪ੍ਰਗਟਾਉਣ ਵਿਚ ਵਧੇਰੇ ਸਫਲ ਹੈ। ਇਸ ਰਾਗ ਦੀ ਬਾਣੀ ਦੇ ਭਾਵ ਅਤੇ ਰਾਗ ਬਾਰੇ ਡਾ ਧਰਮਪਾਲ ਮੈਣੀ ਦੇ ਸ਼ਬਦ ਬੜੇ ਢੁੱਕਵੇਂ ਹਨ-"ਗੰਭੀਰ ਆਤਮ-ਚਿੰਤਨ ਜਿਸ ਵਿਵੇਕ ਨੂੰ ਜਾਗ੍ਰਿਤ ਕਰਦਾ ਹੈ, ਉਹ 'ਆਸਾ' ਲੈ ਕੇ ਅੱਗੇ ਵੱਧਦਾ ਹੈ ਅਤੇ ਇਹ ਰਾਗ ਉਸੇ ਆਸ਼ਾ ਵਾਦੀ ਦ੍ਰਿਸ਼ਟੀਕੋਣ ਦੀ ਪਛਾਣ ਵਿਚ ਹੀ ਆਪਣੇ ਨਾਮ ਦੀ ਸਾਰਥਕਤਾ ਛਿਪਾਈ ਬੈਠਾ ਹੈ।"[11]

ਆਸਾ ਰਾਗ ਸੰਬਧੀ ਕੀਤੇ ਅਧਿਐਨ ਤੋਂ ਇਹ ਸਪਸ਼ਟ ਹੈ ਕਿ ਗੁਰਬਾਣੀ ਦੀ ਰਚਨਾ ਰਾਗ ਨੂੰ ਸੁਚੇਤ ਤੌਰ ਤੇ ਸ਼ਾਮਲ ਕੀਤਾ ਗਿਆ ਹੈ। ਇਸ ਦੇ ਮਰਮ ਨੂੰ ਸਮਝਣ ਲਈ ਜਿਥੇ ਕਾਵਿ ਕਲਾ ਤੋਂ ਜਾਣੂ ਹੋਣ ਦੀ ਲੋੜ ਹੈ ਉਥੇ ਸੰਗੀਤ ਕਲਾ ਦਾ ਗਿਆਨ ਹੋਣਾ ਵੀ ਲਾਜ਼ਮੀ ਹੈ। ਜਿਵੇਂ ਕਿਸੇ ਨਾਟਕ ਦੀ ਸਕਰਿਪਟ ਨੂੰ ਸਟੇਜ ਉੱਤੇ ਪੇਸ਼ ਕਰਕੇ ਹੀ ਉਸ ਦੇ ਪੂਰੇ ਪ੍ਰਭਾਵ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ ਉਸੇ ਤਰ੍ਹਾਂ ਹੀ ਗੁਰਬਾਣੀ ਨੂੰ ਨਿਰਧਾਰਿਤ ਰਾਗਾਂ ਅਤੇ ਨਿਰਧਾਰਿਤ ਸ਼ੈਲੀ ਵਿੱਚ ਹੀ ਗਾਇਨ ਕਰਨਾ ਉਚਿਤ ਹੈ।

***ਹਵਾਲੇ***


1 ਜਨਮ ਸਾਖੀ ਪਰੰਪਰਾ, ਵਲਾਇਤ ਵਾਲੀ ਜਨਮ ਸਾਖੀ , ਪੰਨਾ 31-32
2 ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਪੰਨਾ 333
3 ਪੰਡਤ ਚਿੰਤਾਮਣੀ, ਸਾਹਿਤ-ਸੰਗੀਤ ਦਾ ਸੰਗਮ, ਗੁਰੂ ਨਾਨਕ ਗੁਰੂ ਨਾਨਕ ਜੋਤ ਤੇ ਸਰੂਪ, ਪੰਨਾ 161
4 ਮਹਾਨ ਕੋਸ਼, ਪੰਨਾ 463
5 ਮਹਾਨ ਕੋਸ਼, 92
6 ਗੁਰਮਤ ਸੰਗੀਤ ਪਰ ਹੁਣ ਤਕ ਮਿਲੀ ਖੋਜ, ਪੰਨਾ 9
7 ਮਿਹਰਬਾਨ ਵਾਲੀ ਜਨਮ ਸਾਖੀ, ਪੰਨਾ 22
8 ਪ੍ਰੇਮ ਸਿੰਘ, ਗੁਰਮਤਿ *ਸੰਗੀਤ ਰਤਨ ਭੰਡਾਰ,* ਪੰਨਾ 34
9 ਬ੍ਰਿਹਸਪਤੀ ਅਚਾਰੀਆ ਭਰਤ *ਕਾ ਸੰਗੀਤ ਸਿਧਾਂਤ, ਪੰਨਾ* 270
10 ਬ੍ਰਿਹਸਪਤੀ ਅਚਾਰੀਆ, ਭਰਤ *ਕਾ ਸੰਗੀਤ ਸਿਧਾਂਤ,* ਪੰਨਾ 271
11 ਧਰਮਪਾਲ ਮੈਣੀ, ਸ੍ਰੀ *ਗੁਰੂ ਗ੍ਰੰਥ ਸਾਹਿਬ ਏਕ ਪ੍ਰੀਚੈ, ਪੰਨਾ* 61



422, ਸੈਕਟਰ 15-ਏ, ਚੰਡੀਗੜ੍ਹ
ਮੋਬਾਈਲ : 98140-53630



**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਕਲਜੁਗ ਮਹਿ ਕੀਰਤਨ ਪ੍ਰਧਾਨਾ

ਅਮਰਜੀਤ ਸਿੰਘ ਗਰੇਵਾਲ

*ਪਿਛਲੇ ਅੰਕ ਤੋਂ ਚਲਦਾ....*

ਜਿਸ ਪਾਸ ਵਿੱਦਿਆ ਹੈ, ਉਸ ਨੂੰ ਪਤਾ ਹੁੰਦਾ ਹੈ ਕਿ ਟੈਲੀਵੀਜ਼ਨ ਦਾ ਇੱਕ ਬਹੁਤ ਵੱਡਾ ਨੈੱਟਵਰਕ ਹੈ ਅਤੇ ਕਿਧਰੇ ਦੂਰ ਕਿਸੇ ਸਟੂਡੀਓ ਵਿਚ ਲੇਖਕ/ਨਿਰਦੇਸ਼ਕ ਵੱਲੋਂ ਖੇਡਿਆ ਜਾ ਰਿਹਾ ਨਾਟਕ ਸੈਟੇਲਾਈਟ ਰਾਹੀਂ ਉਸ ਦੇ ਟੈਲੀਵੀਜ਼ਨ ਸੈੱਟ ਉੱਪਰ ਆ ਰਿਹਾ ਹੈ। ਜੇਕਰ ਉਸ ਫਿਲਮ ਦੇ ਕਿਰਦਾਰਾਂ ਨੂੰ ਇਹ ਭੁਲੇਖਾ ਪੈ ਜਾਵੇ ਕਿ ਫਿਲਮ ਵਿਚਲੀ ਜਿੰਦਗੀ ਉਹਨਾਂ ਕਿਰਦਾਰਾਂ ਦੀ ਆਪਣੀ ਸੋਚ, ਇੱਛਾ ਅਤੇ ਆਪਸੀ ਰਿਸ਼ਤਿਆਂ ਦੀ ਦੇਣ ਹੈ ਤਾਂ ਉਹਨਾਂ ਨੂੰ ਅਜਿਹੀਆਂ ਘਟਨਾਵਾਂ ਉੱਪਰ ਬਹੁਤ ਦੁੱਖ ਹੁੰਦਾ ਹੈ, ਜਿਹੜੀਆਂ ਉਹਨਾਂ ਕਿਰਦਾਰਾਂ ਨੂੰ ਆਪਣੀ ਇੱਛਾ ਦੇ ਵਿਰੁੱਧ ਵਾਪਰਦੀਆਂ ਲਗਦੀਆਂ ਹਨ। ਜਿਹੜੀਆਂ ਘਟਨਾਵਾਂ ਉਹਨਾਂ ਦੀ ਇੱਛਾ ਨਾਲ ਮੇਲ ਖਾਂਦੀਆਂ ਹਨ, ਉਹ ਸੁੱਖ ਦਾ ਕਾਰਨ ਬਣਦੀਆਂ ਹਨ। ਕਿਉਂਕਿ ਲੇਖਕ/ਨਿਰਦੇਸ਼ਕ ਸਾਰਾ ਨਾਟਕ ਅਤੇ ਉਸ ਦੀਆਂ ਸਾਰੀਆਂ ਘਟਨਾਵਾਂ ਕਾਰਨ/ਕਾਰਜ ਦੀ ਖੇਡ ਰਾਹੀਂ ਹੀ ਸਿਰਜਦਾ ਹੈ, ਇਸ ਲਈ ਕਿਰਦਾਰਾਂ/ਪਾਤਰਾਂ ਨੂੰ ਇਸ ਤਰ੍ਹਾਂ ਮਹਿਸੂਸ ਹੋਣਾ ਸੁਭਾਵਿਕ ਜਿਹੀ ਗੱਲ ਹੀ ਹੈ। ਜੋ ਨਾਟਕ, ਨਾਟਕ ਦੇ ਅਗਿਆਨ ਪਾਤਰਾਂ ਲਈ ਦੁੱਖ ਸੁੱਖ ਦਾ ਕਾਰਨ ਬਣ ਜਾਂਦਾ ਹੈ। ਪਰ ਜਿਹੜੇ ਪਾਤਰਾਂ ਨੂੰ ਗਿਆਨ ਹੈ, ਉਹ ਨਾਟਕ ਦੀ ਪੂਰੀ ਕਹਾਣੀ ਨੂੰ ਜਾਣ ਜਾਂਦੇ ਹਨ ਅਤੇ ਇਹ ਵੀ ਸਮਝ ਲੈਂਦੇ ਹਨ ਕਿ ਉਹਨਾਂ ਦੀ ਹੋਂਦ ਦਾ ਕਾਰਨ ਲੇਖਕ/ਨਿਰਦੇਸ਼ਕ ਦੀ ਸੋਚ ਹੀ ਹੈ। ਉਹ ਤਾਂ ਲੇਖਕ ਦੀ ਸੋਚ ਦਾ ਹਿੱਸਾ ਹੀ ਹਨ ਤੇ ਜਿਹੜਾ ਅਦਾਕਾਰ ਲੇਖਕ ਦੀ ਸੋਚ ਨੂੰ ਆਪਣੇ ਅੰਦਰ ਵਸਾ ਲੈਂਦਾ ਹੈ, ਕੇਵਲ ਉਹ ਹੀ ਨਾਟਕ ਦੇ ਦੁੱਖ ਸੁੱਖ ਅਤੇ ਸਥਾਈ/ਅਸਥਾਈ ਭਾਵਾਂ ਨੂੰ ਰਸਾਂ ਵਿਚ ਤਬਦੀਲ ਕਰ ਪਾਉਂਦਾ ਹੈ ਅਤੇ ਕੇਵਲ ਉਹ ਹੀ ਇਕ ਚੰਗਾ ਅਦਾਕਾਰ ਸਾਬਤ ਹੁੰਦਾ ਹੈ। ਉਹ ਹੀ ਨਾਟਕ ਦੀ ਖੇਡ ਤੋਂ ਪਾਰ ਜਾਂਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਨਾਟਕ ਵਿਚ ਹੋਣ ਵਾਲੀ ਮੌਤ ਕੇਵਲ ਭਰਮ ਮਾਤਰ ਹੀ ਹੈ।

ਪੈਰਿਸ ਦੀ ਇੱਕ ਖੋਜ ਸੰਸਥਾ ਅੰਦਰ 1982 ਵਿਚ ਅਲੇਨ ਆਸਪੈਕਟ ਨਾਮੀ ਸਾਇੰਸਦਾਨ ਦੀ ਅਗਵਾਈ ਹੇਠ ਇੱਕ ਖੋਜ ਟੋਲੀ ਨੇ ਉਹ ਤਜ਼ਰਬਾ ਕੀਤਾ ਜਿਸ ਨੇ ਵਿਗਿਆਨੀਆਂ ਨੂੰ ਸ਼੍ਰਿਸ਼ਟੀ ਬਾਰੇ ਨਵੀਂ ਤਰ੍ਹਾਂ ਸੋਚਣ ਲਈ ਮਜ਼ਬੂਰ ਕਰ ਦਿੱਤਾ। ਆਈਜ਼ਨਬਰਗ ਦੇ ਅਨਿਸ਼ਚਤਤਾਵਾਦ ਦੇ ਸਿਧਾਂਤ (1922) ਨੂੰ ਗਲਤ ਸਾਬਤ ਕਰਨ ਲਈ ਆਈਨਸਟਾਈਨ ਨੇ 1935 ਵਿੱਚ ਇੱਕ ਵਿਚਾਰ ਤਜ਼ਰਬੇ ਦੀ ਪੇਸ਼ਕਸ਼ ਕੀਤੀ ਸੀ। ਆਈਨਸਟਾਈਨ ਨੇ ਕਿਹਾ ਕਿ ਜੇ ਕਿਸੇ ਸਬ ਅਟੌਮਿਕ ਕਣ 'ਕ' ਨੂੰ ਦੋ ਹਿੱਸਿਆਂ 'ੳ' ਅਤੇ 'ਅ' ਵਿੱਚ ਵੰਡ ਕੇ ਤੇਜ਼ ਗਤੀ ਨਾਲ ਇੱਕ ਦੂਜੇ ਤੋਂ ਬਹੁਤ ਦੂਰ ਕਰ ਦਿੱਤਾ ਜਾਵੇ ਤਾਂ ਭੌਤਿਕ ਨਿਯਮਾਂ ਅਨੁਸਾਰ ਇਹਨਾਂ ਦੋਹਾਂ ਹਿੱਸਿਆਂ 'ੳ' ਅਤੇ 'ਅ' ਦੇ ਸੰਵੇਗ ਵਿੱਚ ਇੱਕ ਸਾਂਝ ਬਣੀ ਰਹਿੰਦੀ ਹੈ। ਇਹੋ ਸਾਂਝ ਇਹਨਾਂ ਦੋਹਾਂ ਹਿੱਸਿਆਂ ਦੀਆਂ ਸਥਿੱਤੀਆਂ ਵਿਚ ਵੀ ਬਣੀ ਰਹਿੰਦੀ ਹੈ। ਕਹਿਣ ਤੋਂ ਭਾਵ ਹੈ ਕਿ ਜਿਹੜੀ ਜਾਣਕਾਰੀ 'ੳ' ਬਾਰੇ ਪ੍ਰਾਪਤ ਹੁੰਦੀ ਹੈ, ਉਹੋ ਜਾਣਕਾਰੀ 'ਅ' ਬਾਰੇ ਵੀ ਸੱਚੀ ਹੁੰਦੀ ਹੈ

ਆਈਜ਼ਨਬਰਗ ਦੇ ਅਨਿਸ਼ਚਿਤਤਾਵਾਦ ਦੇ ਸਿਧਾਂਤ ਅਨੁਸਾਰ ਜੇਕਰ ਅਸੀਂ 'ੳ' ਦੇ ਸੰਵੇਗ ਬਾਰੇ ਜਾਣਕਾਰੀ ਹਾਸਲ ਕਰਦੇ ਹਾਂ, ਤਾਂ ਇਹ ਜਾਣਕਾਰੀ ਪ੍ਰਾਪਤ ਕਰਨ ਦੀ ਪ੍ਰਕ੍ਰਿਆ 'ੳ' ਦੀ ਸਥਿਤੀ ਨੂੰ ਅਨਿਸ਼ਚਤ ਕਰ ਦਿੰਦੀ ਹੈ। ਸੋ ਕਿਸੇ ਵੀ ਕਣ ਦੇ ਸੰਵੇਗ ਅਤੇ ਸਥਿਤੀ ਨੂੰ ਨਹੀਂ ਜਾਣਿਆ ਜਾ ਸਕਦਾ। ਜੇਕਰ ਸੰਵੇਗ ਨੂੰ ਜਾਣਦੇ ਹਾਂ ਤਾਂ ਸਥਿਤੀ ਤਬਦੀਲ ਹੋ ਜਾਂਦੀ ਹੈ ਅਤੇ ਜੇ ਸਥਿਤੀ ਨੂੰ ਜਾਣਦੇ ਹਾਂ ਤਾਂ ਸੰਵੇਗ ਤਬਦੀਲ ਹੋ ਜਾਂਦਾ ਹੈ।

ਪਰ ਆਈਨਸਟਾਈਨ ਨੇ ਕਿਹਾ ਕਿ ਜੇ 'ੳ' ਦੀ ਸਥਿਤੀ ਅਤੇ 'ਅ' ਦਾ ਸੰਵੇਗ ਅਲੱਗ ਅਲੱਗ ਇੱਕ ਸਮੇਂ ਜਾਣ ਲਿਆ ਜਾਵੇ, ਤਾਂ ਦੋਹਾਂ ਦੀ ਸਥਿਤੀ ਅਤੇ ਸੰਵੇਗ ਦਾ ਪਤਾ ਚੱਲ ਜਾਵੇਗਾ। ਇਹ ਇਸ ਲਈ ਕਿਉਂਕਿ ਦੋਹਾਂ ਹਿੱਸਿਆਂ 'ੳ' ਅਤੇ 'ਅ' ਵਿਚ ਇੱਕ ਸਾਂਝ ਬਣੀ ਰਹਿੰਦੀ ਹੈ ਅਤੇ ਦੂਸਰੀ ਗੱਲ ਕਿ 'ੳ' ਦੀ ਸਥਿਤੀ ਦੀ ਜਾਣਕਾਰੀ ਪ੍ਰਾਪਤ ਕਰਨ ਦੀ ਪ੍ਰਕ੍ਰਿਆ ਕਿਤੇ ਦੂਰ, ਉਸੇ ਵਕਤ 'ਅ' ਵਿਚ

ਤਬਦੀਲੀ ਦਾ ਕਾਰਨ ਨਹੀਂ ਬਣ ਸਕਦੀ ਕਿਉਂ ਕਿ ਅਜੇਹੀ ਕਿਸੇ ਵੀ ਚੀਜ਼ ਦੀ ਹੋਂਦ ਨਹੀਂ ਹੈ, ਜੋ ਉਸੇ ਵਕਤ ਬਿਨਾਂ ਕੋਈ ਸਮਾਂ ਖਰਚੇ 'ੳ' ਦੀ ਨਵੀਂ ਸਥਿਤੀ ਦੀ ਜਾਣਕਾਰੀ ਕਿਤੇ ਦੂਰ 'ਅ' ਨੂੰ ਪੁਚਾ ਦੇਵੇ। ਪਰ ਅਨਿਸ਼ਚਤਤਾਵਾਦ ਦੇ ਸਿਧਾਂਤ ਵਿੱਚ ਵਿਸ਼ਵਾਸ਼ ਰੱਖਣ ਵਾਲੇ ਨਵੇਂ ਵਿਗਿਆਨੀ ਆਈਨਸਟਾਈਨ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਉਹਨਾਂ ਨੂੰ ਵਿਸ਼ਵਾਸ਼ ਸੀ ਕਿ 'ੳ' ਅਤੇ 'ਅ' ਵਿਚਕਾਰ ਨਿਸ਼ਚੇ ਹੀ ਕੋਈ ਤਤਕਾਲੀਨ ਸਬੰਧ ਹੋਵੇਗਾ, ਕਿਉਂਕਿ ਅਨਿਸ਼ਚਤਤਾਵਾਦ ਦਾ ਸਿਧਾਂਤ ਸਹੀ ਨਤੀਜੇ ਦੇ ਰਿਹਾ ਸੀ। ਇਹਨਾਂ ਵਿਗਿਆਨੀਆਂ ਨੇ 'ਏਥੇ' 'ਉਥੇ' ਕਣਾਂ ਦੀ ਸਥਾਨਕ ਹੋਂਦ ਨੂੰ ਨਾਮਨਜ਼ੂਰ ਕਰ ਦਿੱਤਾ।

ਇਹ ਵਿਸ਼ਾ ਓਨੀ ਦੇਰ ਤੱਕ ਚਰਚਾ ਦਾ ਵਿਸ਼ਾ ਬਣਿਆ ਰਿਹਾ ਜਿੰਨੀ ਦੇਰ ਤੱਕ ਇਸ ਨੂੰ ਪ੍ਰਯੋਗਸ਼ਾਲਾ ਵਿਚ ਅਸਲੀ ਜਾਮਾ ਨਹੀਂ ਪਹਿਨਾਇਆ ਜਾ ਸਕਿਆ। ਇਹ ਤਜ਼ਰਬਾ 1982 ਵਿਚ ਅਲੇਨ ਆਸਪੈਕਟ ਦੀ ਅਗਵਾਈ ਹੇਠ ਪੈਰਿਸ ਵਿਖੇ ਨੇਪਰੇ ਚੜ੍ਹਿਆ। ਇਸ ਤਜ਼ਰਬੇ ਨੇ ਇਹ ਗੱਲ ਪੂਰੀ ਤਰ੍ਹਾਂ ਸਹੀ ਸਾਬਤ ਕਰ ਦਿੱਤੀ ਕਿ ਕਿਸੇ ਸਮੁੱਚਤਾ 'ਕ' ਦੇ ਦੋ ਅੰਗ 'ੳ' ਅਤੇ 'ਅ' ਭਾਵੇਂ ਇੱਕ ਦੂਸਰੇ ਤੋਂ ਕਿੰਨੀ ਵੀ ਦੂਰ ਕਿਉਂ ਨਾ ਹੋਣ, 'ੳ' ਵਿਚ ਵਾਪਰਨ ਵਾਲੀ ਕਿਸੇ ਵੀ ਤਬਦੀਲੀ ਦਾ ਉਸੇ ਵਕਤ 'ਅ' ਨੂੰ ਵੀ ਪਤਾ ਚੱਲ ਜਾਂਦਾ ਹੈ, ਜਿਸ ਕਰਕੇ 'ਅ' ਵਿਚ ਵੀ ਉਹੋ ਤਬਦੀਲੀ ਉਸੇ ਵਕਤ ਵਾਪਰ ਜਾਂਦੀ ਹੈ। ਸੋ ਜਦੋਂ 'ੳ' ਦੀ ਸਥਿਤੀ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ ਤਾਂ ਇਹ ਪ੍ਰਕ੍ਰਿਆ 'ੳ' ਦੇ ਨਾਲ ਨਾਲ ਕਿਤੇ ਦੂਰ 'ਅ' ਦੀ ਸਥਿਤੀ ਨੂੰ ਵੀ ਤਬਦੀਲ ਕਰ ਦਿੰਦੀ ਹੈ।

ਇਸ ਤਜ਼ਰਬੇ ਨੇ ਆਈਜ਼ਨਬਰਗ ਦੇ ਅਨਿਸ਼ਚਤਤਾਵਾਦ ਦੇ ਸਿਧਾਂਤ ਨੂੰ ਤਾਂ ਸਹੀ ਸਾਬਤ ਕੀਤਾ ਹੀ, ਪਰ ਨਾਲ ਨਾਲ ਦੁਨੀਆ ਨੂੰ ਇਹ ਸੋਚਣ ਲਈ ਵੀ ਮਜ਼ਬੂਰ ਕਰ ਦਿੱਤਾ ਕਿ ਜਾਂ ਤਾਂ ਇਹ ਸਾਰੀ ਸ੍ਰਿਸ਼ਟੀ ਅੱਸਥਾਨਿਕ ਸਮੁੱਚਤਾ ਵਿਚ ਬੱਝੀ ਹੋਈ ਹੈ ਤੇ ਜਾਂ ਫਿਰ ਕਿਸੇ ਅਜਿਹੀ ਚੀਜ਼ ਦੀ ਹਕੀਕਤ ਸਵੀਕਾਰ ਕਰਨੀ ਪਵੇਗੀ ਜੋ ਰੌਸ਼ਨੀ ਤੋਂ ਕਿਤੇ ਤੇਜ਼ ਰਫ਼ਤਾਰ ਬਿਨਾਂ ਕੋਈ ਸਮਾਂ ਖਰਚ ਕੀਤੇ ਹਰ ਥਾਂ ਪਹੁੰਚਣ ਦੇ ਸਮਰੱਥ ਹੈ।

ਰੌਸ਼ਨੀ ਨਾਲੋਂ ਕਈ ਗੁਣਾਂ ਤੇਜ਼ ਰਫ਼ਤਾਰ ਨਾਲ ਚੱਲਣ ਵਾਲੀ ਇਹ ਵਸਤੂ ਜੋ ਇਕੋ ਵਕਤ ਹਰ ਥਾਂ ਪਹੁੰਚ ਸਕਦੀ ਹੈ, ਉਹ ਨਾਮ ਹੈ। ਨਾਮ ਨੂੰ ਸ੍ਰਿਸ਼ਟੀ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚਣ ਲਈ ਕੋਈ ਵੀ ਸਮਾਂ ਨਹੀਂ ਲਗਦਾ ਜਦੋਂ ਕਿ ਰੌਸ਼ਨੀ ਨੂੰ ਇਹੋ ਦੂਰੀ ਤਹਿ ਕਰਨ ਲਈ 1300 ਕਰੋੜ ਸਾਲ ਲੱਗ ਜਾਂਦੇ ਹਨ।

ਇਸ ਲਈ ਨਾਮ ਰਾਹੀਂ ਸਾਰੀ ਸ੍ਰਿਸ਼ਟੀ ਨੂੰ, ਉਸ ਦੇ ਆਦਿ ਤੋਂ ਲੈ ਕੇ ਅੰਤ ਤੱਕ, ਸਮੁੱਚੇ ਟਾਈਮ ਸਪੇਸ ਨੂੰ, ਇੱਕੋ ਵਕਤ ਇੱਕੋ ਨੁਕਤੇ ਉੱਪਰ ਅਨੁਭਵ ਕੀਤਾ ਜਾ ਸਕਦਾ ਹੈ ਕਿਉਂ ਕਿ ਨਾਮ ਦੀ ਰਫ਼ਤਾਰ ਦੀ ਕੋਈ ਸੀਮਾ ਨਹੀਂ, ਇਸ ਲਈ ਨਾਮੀ ਵਾਸਤੇ ਸ੍ਰਿਸ਼ਟੀ ਦਾ ਕੋਈ ਆਕਾਰ ਵੀ ਨਹੀਂ ਹੈ ਅਤੇ ਨਾ ਕੋਈ ਆਦਿ ਤੋਂ ਲੈ ਕੇ ਅੰਤ ਤੱਕ ਸਮੇਂ ਦਾ ਵਕਫਾ ਹੈ। ਅਸੀਮ ਆਕਾਰ ਅਤੇ ਅਸੀਮ ਸਮਾਂ ਆਕਾਰ ਮੁਕਤ ਅਤੇ ਸਮਾਂ ਮੁਕਤ ਹੋ ਕੇ ਨਾਮੀ ਦੀ ਸੁਰਤਿ ਵਿਚ ਸਮਾ ਜਾਂਦੇ ਹਨ। ਉਸ ਨੂੰ ਸਗਲ ਆਕਾਰ ਅਤੇ ਸਗਲ ਸਮੇਂ ਦੀ ਬੁੱਧ ਸੁੱਧ ਹੋ ਜਾਂਦੀ ਹੈ।

ਇਹ ਵੀ ਨਹੀਂ ਕਿ ਸਮੁੱਚਾ ਟਾਈਮ ਸਪੇਸ ਕੋਈ ਹੋਰ ਚੀਜ਼ ਹੈ ਅਤੇ ਉਸ ਦੀ ਬੁੱਧ ਸੁੱਧ ਕੋਈ ਹੋਰ ਚੀਜ਼। ਇਹ ਸਗਲ ਸਮਾਂ ਅਤੇ ਸ੍ਰਿਸ਼ਟੀ ਆਪ ਹੀ ਸੁੱਧ ਬੁੱਧ ਹੈ। ਇਹ ਇੱਕ ਅਜਿਹੀ ਸਮੁੱਚਤਾ ਹੈ ਜੋ ਨਾ ਮਾਦੇ ਦੀ ਬਣੀ ਹੋਈ ਹੈ ਅਤੇ ਨਾ ਹੀ ਤਰੰਗ ਦੀ। ਇਹ ਤਾਂ ਇੱਕ ਅਸਥਾਨਿਕ ਅਤੇ ਅਕਾਲਿਕ ਬੁੱਧ ਸੁੱਧ ਹੈ ਜੋ ਹਰ ਨਾਮੀ ਦੇ ਮਨ ਵਿਚ ਵਸਦੀ ਹੈ। ਜੋ ਹੈ, ਉਹ ਕੇਵਲ ਇਹ ਸੁਰਤਿ ਹੀ ਹੈ, ਇਸ ਤੋਂ ਬਾਹਰ ਹੋਰ ਕੁਝ ਵੀ ਨਹੀਂ-ਇਸ ਦਾ ਅਨੁਭਵ ਕਰਨ ਵਾਲੇ ਨਾਮੀ ਵੀ ਇਸ ਦੇ ਅੰਦਰ ਹੀ ਹਨ। ਇਸ ਲਈ ਇਹ ਸਭ ਥਾਂ ਮੌਜੂਦ ਹੈ ਅਤੇ ਇਹ ਕਿਤੇ ਵੀ ਨਹੀਂ ਹੈ।

ਅਜੋਕੇ ਭੌਤਿਕ ਵਿਗਿਆਨੀ ਵੀ ਇਸ ਨਤੀਜੇ ਤੇ ਪਹੁੰਚੇ ਹਨ ਕਿ ਇਹ ਸ੍ਰਿਸ਼ਟੀ ਜਿਹੜੇ ਸਬ ਅਟੌਮਿਕ ਅਣੂਆਂ ਜਿਵੇਂ ਕਿ ਇਲੈਕਟਰੋਨ ਆਦਿ ਦੀ ਬਣੀ ਹੋਈ ਹੈ, ਉਹ ਵੀ ਹਕੀਕਤ ਵਿਚ ਨਾ ਅਣੂ ਹਨ ਅਤੇ ਨਾ ਹੀ ਤਰੰਗ। ਇਹ ਤਾਂ ਸਮਾਂ ਸਥਾਨ ਮੁਕਤ ਸੂਚਨਾ ਦੇ ਬਣੇ ਹੋਏ ਹਨ। ਸੋ ਸਗਲ ਜਗਤ ਅਤੇ ਉਸਦੇ ਤਮਾਮ ਇਤਿਹਾਸ ਵਿਚ ਫੈਲੀ ਹੋਈ ਹੈ। ਪਰ ਜਦੋਂ ਕੋਈ ਇਸ ਨੂੰ ਦੇਖਣ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਬਹੁ ਪਾਸਾਰੀ ਸਤਿ ਜਾਂ ਜਾਣਕਾਰੀ ਆਪਣੀ ਅਸਲੀਅਤ ਗੁਆ ਕੇ ਦੇਖਣ ਵਾਲੇ ਦੇ ਦ੍ਰਿਸ਼ਟੀ-ਕ੍ਰਮ ਮੁਤਾਬਕ ਹੀ ਢਲ ਜਾਂਦੀ ਹੈ। ਜੋ ਉਹ ਉਸੇ ਵਕਤ ਇੱਕ ਵੀ ਹੈ ਅਤੇ ਅਨੇਕ ਵੀ, ਦੇਖਣ ਵਾਲੇ ਉੱਪਰ ਹੀ ਨਿਰਭਰ ਕਰਦਾ ਹੈ। ਇੱਕ ਅਤੇ ਅਨੇਕ ਵਿਚਕਾਰ ਦਵੈਤ ਦਾ ਕਾਰਨ ਵੀ ਸਾਡੀ ਅਵਿਦਿਆ ਹੀ ਹੈ। ਇੱਕ ਅਨੇਕ ਵੀ ਹੈ ਅਤੇ ਅਨੇਕ ਇੱਕ ਵੀ। ਇਸ ਤਰ੍ਹਾਂ ਦੇ ਵਿਰੋਧਾਭਾਸ ਤੋਂ ਮੁਕਤ ਹੋਣ ਲਈ ਫੋਟੋਗ੍ਰਾਫੀ ਦੀ ਇੱਕ ਨਵੀਂ ਤਕਨੀਕ ਹੋਲੋਗ੍ਰਾਫੀ ਦੀ

ਉਦਾਹਰਣ ਬਹੁਤ ਸਹਾਈ ਹੋ ਸਕਦੀ ਹੈ। ਇਸ ਢੰਗ ਨਾਲ ਖਿੱਚੀ ਹੋਈ ਤਸਵੀਰ, ਜਿਸ ਨੂੰ ਹੈਲੋਗ੍ਰਾਫ ਦਾ ਨਾਮ ਦਿੱਤਾ ਗਿਆ ਹੈ, ਨੂੰ ਜਿਸ ਕੋਣ ਤੋਂ ਦੇਖਿਆ ਜਾਂਦਾ ਹੈ ਉਸੇ ਕੋਣ ਦਾ ਪਰਿਪੇਖ ਨਜ਼ਰ ਆਉਂਦਾ ਹੈ। ਜੇਕਰ ਹੈਲੋਗ੍ਰਾਫ ਨੂੰ ਦੋ ਹਿੱਸਿਆਂ ਵਿਚ ਕੱਟ ਦਿੱਤਾ ਜਾਵੇ, ਤਾਂ ਹਰੇਕ ਹਿੱਸੇ ਵਿਚ ਉਹੋ ਤਸਵੀਰ ਦਿਖਾਈ ਦਿੰਦੀ ਹੈ, ਜੋ ਪੂਰੀ ਤਸਵੀਰ ਵਿਚ ਦਿਖਾਈ ਦਿੰਦੀ ਸੀ। ਹੈਲੋਗ੍ਰਾਫ ਦੇ ਭਾਵੇਂ ਜਿੰਨੇ ਮਰਜ਼ੀ ਟੁਕੜੇ ਕਰ ਦਿਉ ਹਰ ਟੁਕੜੇ ਵਿਚ ਉਹੋ ਪੂਰੀ ਤਸਵੀਰ ਦਿਖਾਈ ਦੇਵੇਗੀ। ਇਹ ਨਹੀਂ ਕਿ ਹਾਥੀ ਦੀ ਹੈਲੋਗ੍ਰਾਫ ਦੇ ਦੋ ਟੁਕੜੇ ਕਰਨ ਨਾਲ ਤਸਵੀਰ ਵਿਚਲਾ ਹਾਥੀ ਵੀ ਦੋ ਹਿੱਸਿਆਂ ਵਿਚ ਵੰਡਿਆ ਜਾਵੇ। ਹੈਲੋਗ੍ਰਾਫ ਦੇ ਭਾਵੇਂ ਸੌ ਟੁਕੜੇ ਕਰ ਦਿਉ ਹਰ ਟੁਕੜੇ ਵਿਚ ਉਹੋ ਪੂਰਾ ਹਾਥੀ ਦਿਖਾਈ ਦੇਵੇਗਾ।

ਇਸ ਲਈ ਸਤਿ, ਉਹ ਜੋ ਹੈ, ਇੱਕ ਵੀ ਹੈ ਅਤੇ ਅਨੇਕ ਵੀ। ਉਹ ਇੱਕ ਆਕਾਲਿਕ ਅਤੇ ਆਸਥਾਨਿਕ ਹੋਣ ਕਾਰਨ ਕਿਸੇ ਥਾਂ ਵੀ ਨਹੀਂ, ਹਰ ਥਾਂ ਮੌਜੂਦ ਹੈ। ਇਸ ਲਈ ਉਹ ਲੋਕ ਜਿਹੜੇ ਇਹ ਬਹਿਸ ਕਰ ਰਹੇ ਹਨ ਕਿ ਉਹ ਹੈ ਜਾਂ ਨਹੀਂ ਹੈ, ਵਿਅਰਥ ਹੀ ਝਗੜ ਰਹੇ ਹਨ ਕਿਉਂਕਿ ਉਹ ਇਕ ਜੋ ਕਿਸੇ ਇੱਕ ਥਾਂ ਤੇ ਸਥਿਤ ਨਹੀਂ, ਸਭ ਥਾਂ ਮੌਜੂਦ ਹੈ। ਉਹ ਨਾ ਹੀ ਪੈਦਾ ਹੋਇਆ ਹੈ ਅਤੇ ਨਾ ਹੀ ਮਰੇਗਾ।

ਜਦੋਂ ਉਹ ਹੈ ਹੀ ਆਕਾਲਿਕ ਤਾਂ ਜਨਮ ਮੌਤ ਦਾ ਕੀ ਅਰਥ, ਜੂਨੀ ਅਜੂਨੀ ਦਾ ਕੀ ਅਰਥ, ਭਉ ਨਿਰਭਉ ਦਾ ਕੀ ਅਰਥ। ਫੇਰ ਉਹ ਤਾਂ ਅਸਥਾਨਿਕ ਵੀ ਹੈ-ਇਸ ਲਈ ਹੋਂਦ ਨਿਹੋਂਦ, ਆਦਿ ਅੰਤ, ਰਚਨਾ ਸੰਰਚਨਾ ਸਭ ਤੋਂ ਪਾਰ ਹੈ "ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨਾ ਕਰਮਾ। ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸ ਭਾਉ ਨਾ ਭਰਮਾ॥" ਬੱਸ ਉਹ ਤਾਂ ਸਗਲ ਸਮੇਂ ਅਤੇ ਸਗਲ ਦ੍ਰਿਸ਼ਟੀ ਦੀ ਸ੍ਵੈ-ਚੇਤਨਾ ਹੈ। ਉਹ ਤਾਂ ਸਗਲ ਸਮੇਂ ਅਤੇ ਸ੍ਰਿਸ਼ਟੀ ਨੂੰ ਇਕੋ ਅਨੁਭਵ ਵਿਚ ਕੇਂਦਰਿਤ ਕਰਨ ਵਾਲਾ ਨਾਮ ਹੈ। ਉਹ ਤਾਂ ਉਸ ਸਭ ਕਾਸੇ ਨੂੰ ਜੋ ਕਦੀ ਵੀ ਸੀ, ਹੈ ਅਤੇ ਹੋਵੇਗਾ ਨੂੰ ਇਕ ਅਖੰਡ ਸ਼ਕਤੀ ਵਿਚ ਬੰਨਣ ਵਾਲਾ ਸ਼ਬਦ ਨਾਦ ਹੈ।

ਸਗਲ ਸਮੇਂ ਅਤੇ ਆਕਾਰ ਦੇ ਅਨੰਤ ਭਾਗਾਂ ਵਿਚਕਾਰ ਤਤਕਾਲੀਨ ਰਿਸ਼ਤਾ ਹੀ ਨਾਮ ਹੈ। ਇਹ ਨਾਮ ਸਮੁੱਚੇ ਸਮੇਂ ਅਤੇ ਸ੍ਰਿਸ਼ਟੀ ਨੂੰ ਕਾਲ ਰਹਿਤ ਅਤੇ ਆਕਾਰ ਰਹਿਤ ਸੁਰਤਿ ਵਿਚ ਤਬਦੀਲ ਕਰ ਦਿੰਦਾ ਹੈ। ਇਸ ਲਈ ਸਮੁੱਚੇ ਸਮੇਂ ਸ੍ਰਿਸ਼ਟੀ ਦਾ ਕੋਈ ਵੀ ਭਾਗ ਜੋ ਨਾਮ ਦਾ ਧਾਰਨੀ ਹੈ, ਭਾਵ ਜੋ ਨਾਮ ਦੀ ਦ੍ਰਿਸ਼ਟੀ ਨਾਲ ਦੇਖ ਸਕਣ ਦੇ ਸਮਰੱਥ ਹੈ, ਉਸ ਲਈ ਸਮੁੱਚਾ ਜਗਤ ਅਤੇ ਉਸਦਾ ਸਾਰਾ ਇਤਿਹਾਸ ਇਕ ਅਕਾਲਿਕ ਅਤੇ ਅਸਥਾਨਿਕ ਸੁਰਤਿ ਬਣ ਕੇ ਉਸਦੀ ਬੁੱਧੀ ਵਿਚ ਸਮਾ ਜਾਂਦਾ ਹੈ। ਸਗਲ ਸਮੇਂ ਅਤੇ ਸ੍ਰਿਸ਼ਟੀ ਦੀ 'ਮੈਂ' ਹੀ ਉਸੇ ਭਾਗ ਦੀ 'ਮੈਂ' ਬਣ ਜਾਂਦੀ ਹੈ। ਉਸ ਭਾਗ ਦੀ ਆਪਣੀ ਨਿੱਜੀ 'ਮੈਂ' (ਹਉਮੈ) ਅਲੋਪ ਹੋ ਜਾਂਦੀ ਹੈ। ਸਭ ਇਕੋ ਰੂਪ ਹੋ ਜਾਂਦਾ ਹੈ- ਅਕਾਲਿਕ ਅਤੇ ਅਸਥਾਨਿਕ, ਵੈਰ ਵਿਰੋਧ ਤੋਂ ਆਜ਼ਾਦ, ਪੂਰਨ ਤੌਰ ਤੇ ਮੁਕਤ, ਆਪੇ ਆਪ।

ਜੇਕਰ ਉਸ ਭਾਗ ਕੋਲ ਨਾਮ ਦੀ ਦ੍ਰਿਸ਼ਟੀ ਨਹੀਂ ਹੈ, ਕੇਵਲ ਇਕ ਸੀਮਤ ਗਤੀ ਵਾਲੀ ਸੰਵੇਦਨ ਦ੍ਰਿਸ਼ਟੀ ਜਿਵੇਂ ਕਿ ਰੌਸ਼ਨੀ ਅਤੇ ਆਵਾਜ਼ ਆਦਿ ਹੀ ਹੈ ਤਾਂ ਉਹ ਭਾਗ ਸਗਲ ਸਮੇਂ ਅਤੇ ਸ੍ਰਿਸ਼ਟੀ ਦੇ ਅਨੰਤ ਭਾਗਾਂ ਵਿਚਕਾਰ ਤਤਕਾਲੀਨ ਰਿਸ਼ਤੇ ਦਾ ਅਨੁਭਵ ਨਾ ਕਰ ਸਕਣ ਕਾਰਨ ਵਿਭਾਜਿਤ ਸੰਸਾਰ ਦੇ ਦਰਸ਼ਨ ਹੀ ਕਰਦਾ ਹੈ। ਸਮੁੱਚਤਾ ਇਕ ਸੁਰਤਿ ਵਿਚ ਸਮਾ ਕੇ ਉਸ ਦੀ ਚੇਤਨਾ ਨਹੀਂ ਬਣ ਸਕਦੀ। ਇਸ ਲਈ ਨਾਮ ਤੋਂ ਵਿਛੜੀ ਹੋਈ ਸੀਮਤ 'ਮੈਂ' ਹੀ ਦ੍ਰਿਸ਼ਟਮਾਨ ਕਾਲਿਕ ਸੰਸਾਰ ਦੀ ਉਤਪਤੀ ਦਾ ਕਾਰਨ ਹੈ - "ਹਉਮੈ ਵਿਚਿ ਜਗ ਉਪਜੈ ਪੁਰਖਾ॥" ਫੇਰ ਉਹ ਭਾਗ ਅਨਜਾਣ ਸਮੁੱਚਤਾ ਦਾ ਹਿੱਸਾ ਹੋਣ ਕਰਕੇ ਕਾਰਨ - ਕਾਰਜ ਦਾ ਗੁਲਾਮ ਹੀ ਰਹਿੰਦਾ ਹੈ। ਸਗਲ ਜਗਤ ਦੀ ਖੇਡ ਦਾ ਇਕ ਪੁਰਜਾ ਮਾਤਰ ਹੈ। ਸਗਲ ਜਗਤ ਦੀ ਚੇਤਨਾ ਨਾ ਹੋਣ ਕਾਰਨ ਉਹ ਭਾਗ ਆਪਣੀ ਅਸਮਰਥਤਾ, ਅਗਿਆਨਤਾ, ਅਨਿਸ਼ਚਤਤਾ ਅਤੇ ਹੋਣੀ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਦੁੱਖ ਅਤੇ ਵਿਤਰੇਕਤਾ ਉਸ ਨਾਲ ਜੁੜੇ ਰਹਿੰਦੇ ਹਨ। ਪਰ ਜਦੋਂ ਉਹ ਭਾਗ ਨਾਮ ਦਾ ਧਾਰਣੀ ਬਣਦਾ ਹੈ ਤਾਂ ਸਗਲ ਜਗਤ ਦੀ ਚੇਤਨਾ ਉਸਦੀ ਆਪਣੀ ਚੇਤਨਾ ਹੁੰਦੀ ਹੈ। ਉਹ ਪਰੀਪੂਰਨ ਸਮਰਥ, ਅਨੰਦਮਈ ਅਤੇ ਸੁਤੰਤਰ ਸ੍ਵੈ-ਚੇਤਨਾ ਬਣ ਜਾਂਦਾ ਹੈ।

ਸੋ ਸਗਲ ਸਮੇਂ ਅਤੇ ਆਕਾਰ ਦੀ ਅਕਾਲਿਕ ਅਤੇ ਅਸਥਾਨਿਕ ਸ੍ਵੈ-ਚੇਤਨ ਅਵਸਥਾ (ਨਿਰਗੁਣ) ਅਤੇ ਜਾਂ ਫੇਰ ਸਮੇਂ ਅਤੇ ਆਕਾਰ ਵਿਚ ਬੱਝੀ ਹੋਈ ਵਿਭਾਜਿਤ ਸ੍ਰਿਸ਼ਟੀ ਕਾਲ (ਸਰਗੁਣ) ਦੋ ਨਹੀਂ, ਇਕ ਹੀ ਹੈ। ਅਸਲੀਅਤ ਤਾਂ ਕੇਵਲ ਨਿਰਗੁਣ ਅਵਸਥਾ ਦੀ ਹੈ। ਸਰਗੁਣ ਅਵਸਥਾ ਤਾਂ ਕੇਵਲ ਹਉਮੈਂ ਕਾਰਨ ਦ੍ਰਿਸ਼ਟੀ ਵਿਚ ਪਏ ਨੁਕਸ ਦੀ ਪੈਦਾਵਾਰ ਹੈ। ਸੋ ਸ੍ਰਿਸ਼ਟੀ ਦੇ ਪੈਦਾ ਹੋਣ (ਬਿਗ ਬੈਂਗ) ਅਤੇ ਖਤਮ ਹੋਣ (ਬਿਗ ਕਰੰਚ) ਜਾਂ ਬਿਗ ਬੈਂਗ ਤੋਂ ਬਿਗ ਕਰੰਚ ਤੱਕ ਦਾ ਇਤਿਹਾਸ ਨਿਰਗੁਣ ਅਵਸਥਾ ਵਿਚ ਉਸੇ ਵਕਤ ਉਸੇ ਥਾਂ 'ਤੇ ਜਾਂ ਸਹੀ ਭਾਸ਼ਾ ਵਿਚ ਉਸੇ ਅ-ਥਾਂ ਅਤੇ ਉਸੇ ਅ-ਵਕਤ

ਉਪਰ ਪਿਆ ਹੁੰਦਾ ਹੈ

ਇਹ ਬਿਗ ਬੈਂਗ ਅਤੇ ਬਿਗ ਕਰੰਚ, ਉਹ ਜੋ ਹੈ, ਉਸਦਾ ਆਦਿ ਅੰਤ ਨਹੀਂ, ਕੇਵਲ ਅਵਿਦਿਆ ਜਾਂ ਹਉਮੈ ਦੀ ਦ੍ਰਿਸ਼ਟੀ ਦਾ ਆਦਿ ਅੰਤ ਹੀ ਹਨ। ਬਿਗ ਬੈਂਗ ਤੋਂ ਬਿਗ ਕਰੰਚ ਤੱਕ ਦਾ ਇਤਿਹਾਸ ਇਸ ਦੁਵਿਧਾ ਦੇ ਜਨਮ ਤੋਂ ਲੈ ਕੇ ਉਸ ਦੇ ਵਿਨਾਸ਼ ਤੱਕ ਦਾ ਸਫ਼ਰ ਹੈ। ਸੋ ਦੁਨੀਆਂ ਦੀ ਸਾਰੀ ਕ੍ਰਮ ਵਿਧੀ, ਸਾਰਾ ਇਤਿਹਾਸ, ਸਾਰਾ ਵਿਕਾਸ, ਸਾਰਾ ਗਿਆਨ, ਸਾਰਾ ਵਿਗਿਆਨ, ਸਾਰੀ ਕਲਾ ਅਤੇ ਸਾਰਾ ਸਾਹਿਤ ਇਸ ਦੁਵਿਧਾ ਨੂੰ ਮੇਟਣ ਲਈ ਹੋ ਰਹੇ ਉਪਰਾਲੇ ਹੀ ਹਨ।

ਇਸ ਵਾਸਤਵਿਕ ਸੰਸਾਰ ਤਾਂ ਦਰਅਸਲ ਵਿਚ ਨੀਂਦ ਦੀ ਅਵਸਥਾ ਹੀ ਹੈ। ਜਦੋਂ ਕੋਈ ਮਨੁੱਖ ਸੌਂਦਾ ਹੈ ਤਾਂ ਉਸਦਾ ਜਾਗ੍ਰਿਤ ਸੰਸਾਰ ਜਾਂ ਜਾਗ੍ਰਿਤ 'ਮੈਂ' ਅਲੋਪ ਹੋ ਜਾਂਦੇ ਹਨ। ਸੁਪਨ ਸੰਸਾਰ ਅਤੇ ਸੁਪਨ 'ਮੈਂ' ਜੋ ਸਚ ਨਹੀਂ, ਕੇਵਲ ਆਰਜੀ ਤੌਰ ਤੇ ਹੀ ਹੋਂਦ ਵਿਚ ਆਉਂਦੇ ਹਨ, ਪੈਦਾ ਹੋ ਜਾਂਦੇ ਹਨ। ਸੁਪਨ ਸੰਸਾਰ ਵਿਚ ਵਿਚਰ ਰਹੀ ਸੁਪਨ 'ਮੈਂ' ਨੂੰ ਜਾਗ੍ਰਿਤ ਸੰਸਾਰ ਦੀ ਜਾਗ੍ਰਿਤ 'ਮੈ' ਦਾ ਗਿਆਨ ਹੀ ਨਹੀਂ ਹੁੰਦਾ। ਜੇਕਰ ਇਹ ਗਿਆਨ ਹੋ ਜਾਵੇ ਤਾਂ ਸੁਪਨ ਅਵਸਥਾ ਦਾ ਕੋਈ ਵਜੂਦ ਹੀ ਨਹੀਂ ਰਹਿ ਜਾਂਦਾ।

ਸੁਪਨ ਸੰਸਾਰ ਦੀ 'ਮੈ' ਨੂੰ ਹਮੇਸ਼ਾ ਇਹ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਉਹ ਅਤੇ ਉਸਦਾ ਸੁਪਨਾ ਸੰਸਾਰ ਹੀ ਅੰਤਮ ਸੱਚ ਹੋਣ। ਇਸੇ ਲਈ ਸੁਪਨ ਸੰਸਾਰ ਦੀ 'ਮੈ' ਆਪਣੀ ਹਉਮੈ ਅਤੇ ਅਗਿਆਨਤਾ ਕਾਰਨ ਸੁਪਨ ਸੰਸਾਰ ਨੂੰ ਹੀ ਅਸਲੀ ਸੱਚ ਮੰਨ ਕੇ ਉਸਦੇ ਸਾਰੇ ਦੁੱਖ ਸੁੱਖ, ਰਾਗ ਰੰਗ ਅਤੇ ਸਥਾਈ/ਅਸਥਾਈ ਭਾਵ ਭੋਗਦੀ ਰਹਿੰਦੀ ਹੈ ਹੈ। ਪਰ ਜਦੋਂ ਜਾਗ੍ਰਿਤ ਸੰਸਾਰ ਦੀ 'ਮੈਂ' ਜਾਗਦੀ ਹੈ ਹੈ ਤਾ ਉਸਨੂੰ ਸੁਪਨ 'ਮੈਂ' ਅਤੇ ਉਸਦੇ ਸੁਪਨ ਸੰਸਾਰ ਦੀ ਮਿਥਿਆ ਦਾ ਗਿਆਨ ਹੋ ਜਾਂਦਾ ਹੈ। ਨਤੀਜੇ ਵਜੋਂ ਸੁਪਨ ਸੰਸਾਰ ਦੀ ਮਿਥਿਆ ਦਾ ਗਿਆਨ ਹੋ ਜਾਂਦਾ ਹੈ ਅਤੇ ਸੁਪਨ ਸੰਸਾਰ ਜਾਗ੍ਰਿਤ 'ਮੈਂ' ਦੀ ਇਕ ਖੇਡ ਬਣ ਕੇ ਰਹਿ ਜਾਂਦੀ ਹੈ। ਇਸ ਤਰ੍ਹਾਂ ਜਗ੍ਰਿਤ 'ਮੈਂ' ਦੇ ਜਾਗਣ ਨਾਲ ਸੁਪਨ 'ਮੈਂ' ਦੇ ਸਾਰੇ ਦੁੱਖ ਸੁੱਖ ਅਤੇ ਸਥਾਈ ਅਸਥਾਈ ਭਾਵ ਜਾਗ੍ਰਿਤ 'ਮੈਂ' ਦੀ ਖੇਡ ਦੇ ਰਸਾਂ ਵਿਚ ਤਬਦੀਲ ਹੋ ਜਾਂਦੇ ਹਨ।

ਬਿਲਕੁਲ ਇਸੇ ਤਰ੍ਹਾਂ ਵਾਸਤਵਿਕ ਸੰਸਾਰ ਅਤੇ ਉਸਦੀ 'ਮੈਂ' ਵੀ ਸੁਪਨੰਤਰ ਅਵਸਥਾ ਦੀ ਦੇਣ ਹੀ ਹਨ। ਜਿਵੇਂ 'ਸੁਪਨ ਮੈਂ' ਨੂੰ ਆਪਣੀ ਅਗਿਆਨਤਾ ਅਤੇ ਹਉਮੈਂ ਕਾਰਨ ਸੁਪਨ ਸੰਸਾਰ ਹੀ ਅੰਤਿਮ ਸੱਚ ਜਾਪਦਾ ਹੈ, ਉਸੇ ਤਰ੍ਹਾਂ ਵਾਸਤਵਿਕ ਸੰਸਾਰ ਦੀ 'ਮੈਂ' ਨੂੰ ਵੀ ਆਪਣੀ ਅਗਿਆਨਤਾ ਅਤੇ ਹਉਮੈਂ ਕਾਰਨ ਵਾਸਤਵਿਕ ਸੰਸਾਰ – ਸੰਸਾਰ ਦੀ ਤਰ੍ਹਾਂ ਹੀ ਇਕ ਆਰਜੀ ਸੰਸਾਰ ਹੋਣ ਦੇ ਬਾਵਜੂਦ-ਅੰਤਿਮ ਸੱਚ ਹੀ ਜਾਪਦਾ ਹੈ – "ਜਿਉ ਸੁਪਨੇ ਨਿਸ ਭੁਲੀਐ, ਜਬ ਲਗ ਨਿਦ੍ਰਾ ਹੋਇ॥ ਇਉ ਸਰਪਨ ਕੇ ਵਸ ਜੀਅੜਾ ਅੰਤਰ ਹਉਮੈ ਹੋਇ॥" ਪਰ ਵਾਸਤਵਿਕ ਸੰਸਾਰ ਦੀ 'ਮੈਂ' ਤਦ ਹੀ ਖਤਮ ਹੋ ਸਕਦੀ ਹੈ ਜਦੋਂ ਅਸਲੀ 'ਮੈਂ' (ਜੋ ਸਗਲ ਸਮੇਂ ਅਤੇ ਸ੍ਰਿਸ਼ਟੀ ਦੀ ਸ੍ਵੈ-ਚੇਤਨਾ ਹੈ) ਜਾਗ ਪਵੇ। ਜਦੋਂ ਸ੍ਵੈ-ਚੇਤਨ 'ਮੈਂ' ਜਾਗਦਾ ਹੈ ਤਾਂ ਵਾਸਤਵਿਕ ਸੰਸਾਰ ਦੀਆਂ ਤਮਾਮ ਘਟਨਾਵਾਂ ਅਤੇ ਉਸਦਾ ਸਾਰਾ ਇਤਿਹਾਸ ਸ੍ਵੈ-ਚੇਤਨ 'ਮੈਂ' ਦੀ ਖੇਡ ਜਾਂ ਲੀਲਾ ਬਣ ਕੇ ਰਹਿ ਜਾਂਦਾ ਹੈ। ਇਸ ਤਰ੍ਹਾਂ ਵਾਸਤਵਿਕ ਸੰਸਾਰ ਦੇ ਸਾਰੇ ਦੁੱਖ ਸੁੱਖ, ਜੀਵਨ ਮੌਤ, ਰਾਗ ਰੰਗ, ਸਥਾਈ ਅਸਥਾਈ ਭਾਵ ਸਭ ਸ੍ਵੈ-ਚੇਤਨ 'ਮੈਂ' ਦੀ ਖੇਡ ਦੇ ਰਸਾਂ ਵਿਚ ਤਬਦੀਲ ਹੋ ਜਾਂਦੇ ਹਨ।

ਜਦੋਂ 'ਸ੍ਵੈ-ਚੇਤਨ ਮੈਂ ਜਾਗਦੀ ਹੈ ਤਾਂ ਇਸਨੂੰ ਵਾਸਤਵਿਕ ਸੰਸਾਰ ਦੀ ਅਸਥਾਈ ਅਤੇ ਝੂਠੀ ਹੋਂਦ ਦਾ ਪਤਾ ਚਲਦਾ ਹੈ – "ਜੈਸੇ ਸੁਪਨਾ ਰੈਨਿ ਕਾ ਤੈਸਾ ਇਹ ਸੰਸਾਰ॥" ਅਤੇ ਸਮਝ ਪੈਂਦੀ ਹੈ ਕਿ ਵਾਸਤਵਿਕ ਸੰਸਾਰ ਦੀ ਮੋਹ ਮਾਇਆ ਅਤੇ ਦੁੱਖ ਸੁੱਖ ਸਭ ਛਲ ਮਾਤਰ ਹੀ ਹਨ – 'ਮਾਣੇ ਰੰਗ ਭੋਗ ਬਹੁ ਨਾਰੀ, ਜਿਉ ਨਰਪਿਤ ਸੁਪਨੈ ਭੇਖਾਰੀ॥'

ਜਦੋਂ ਇਹ ਸ੍ਵੈ-ਚੇਤਨ 'ਮੈਂ' ਜਾਗਦੀ ਹੈ ਤਾਂ ਇਸ ਨੂੰ ਵਾਸਤਵਿਕ ਸੰਸਾਰ ਦੀ 'ਮੈਂ' ਦੇ ਤਨ ਦੀ ਅਸਲੀਅਤ ਦਾ ਵੀ ਪਤਾ ਚੱਲ ਜਾਂਦਾ ਹੈ – "ਝੂਠਾ ਤਨੁ ਸਾਚਾ ਕਰ ਮਾਨਿਓ ਜਿਉ ਸੁਪਨਾ ਰੈਨਾਈ॥" ਇਸੇ ਕਰਕੇ ਜੀਵਨ ਮੌਤ ਦਾ ਮਹੱਤਵ ਉਵੇਂ ਖਤਮ ਹੋ ਜਾਂਦਾ ਹੈ ਜਿਵੇਂ ਸੁਪਨੇ ਤੋਂ ਜਾਗਣ ਉਪਰੰਤ ਸੁਪਨ 'ਮੈਂ' ਦੇ ਜਨਮ ਮਰਨ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।

ਸੋ ਵਾਸਤਵਿਕ ਸੰਸਾਰ ਦੇ ਦੁੱਖਾਂ ਦਾ ਅੰਤ ਅਤੇ ਜੀਵਨ ਮੌਤ ਤੋਂ ਮੁਕਤੀ ਦਾ ਮਾਰਗ ਸ੍ਵੈ-ਚੇਤਨ "ਮੈਂ" ਦੇ ਜਾਗਣ ਨਾਲ ਹੀ ਜੁੜਿਆ ਹੋਇਆ ਹੈ। ਜਾਗ੍ਰਿਤ ਸੰਸਾਰ ਦੀ "ਮੈਂ" ਜੋ ਮਨੁੱਖ ਦੇ ਸਾਰੇ ਦੁੱਖਾਂ ਦਾ ਕਾਰਨ ਹੈ ਅਤੇ ਜਿਸਨੇ ਮਨੁੱਖ ਨੂੰ ਜੀਵਨ ਮੌਤ ਦੇ ਗੇੜ ਵਿਚ ਵੀ ਪਾਇਆ ਹੋਇਆ ਹੈ, ਆਪਣੀ ਅਗਿਆਨਤਾ ਅਤੇ ਹਉਮੈ ਕਾਰਨ ਹੀ ਸ੍ਵੈ-ਚੇਤਨ 'ਮੈਂ' ਤੋਂ ਵਿਛੜੀ ਹੋਈ ਹੈ। ਕੇਵਲ ਇਸ ਨਿਜੀ -ਮੈਂ, ਹਊਮੈ ਅਤੇ ਅਗਿਆਨਤਾ ਦੇ ਵਿਨਾਸ਼ ਨਾਲ ਹੀ ਸ੍ਵੈ-ਚੇਤਨ 'ਮੈਂ' ਜਾਗ ਸਕਦਾ ਹੈ – "ਆਪ ਗਇਆ, ਸੋਝੀ ਪਾਈ, ਗੁਰ ਸਬਦੀ ਮੇਲਾ॥" ਪਰ ਵਾਸਤਵਿਕ ਸੰਸਾਰ ਦੀ ਮੈਂ ਜਾਂ ਉਸਦੀ ਹਉਮੈ ਅਤੇ ਅਗਿਆਨਤਾ ਤਾਂ ਕੇਵਲ ਤਦ ਹੀ ਖਤਮ ਹੋ ਸਕਦੀ ਹੈ, ਜਦੋਂ "ਮੂਲ ਪਛਾਣਹਿ ਤਾ ਸਹੁ ਜਾਣਹਿ ਮਰਣੁ

ਜੀਵਣ ਦੀ ਸੋਝੀ ਹੋਈ ॥" ਇਹ ਮੂਲ ਪਛਾਨਣ ਲਈ ਸ੍ਵੈ-ਖੋਜ ਜ਼ਰੂਰੀ ਹੈ – "ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ"

ਪਰ ਜਿਵੇਂ ਕਿ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ। ਇਸ ਸ੍ਵੈ-ਖੋਜ ਤੋਂ ਭਾਵ ਹੈ, ਸਗਲ ਸਮੇਂ ਅਤੇ ਸ੍ਰਿਸ਼ਟੀ ਨੂੰ ਇਕੋ ਸੁਰਤਿ ਵਿਚ ਬੰਨ੍ਹਣ ਵਾਲੇ ਨਾਮ ਦੀ ਦ੍ਰਿਸ਼ਟੀ ਜਾਂ ਜੋਤਿ ਪ੍ਰਾਪਤ ਕਰਨਾ – "ਅੰਤਰਿ ਜੋਤਿ ਸਬਦੁ ਧੁਨ ਜਾਗੈ।" ਨਾਮ ਜੋ ਆਪਣੀ ਅਸੀਮ ਗਤੀ ਨਾਲ ਸਗਲ ਸ੍ਰਿਸ਼ਟੀ ਅਤੇ ਉਸਦੇ ਸਮੁੱਚੇ ਇਤਿਹਾਸ ਨੂੰ ਤਤਕਾਲੀਨ ਸਮੁੱਚਤਾ ਵਿਚ ਬੰਨ੍ਹੀ ਬੈਠਾ ਹੈ, ਨੂੰ ਹਰ ਕੋਈ ਆਪਣੇ ਹੀ ਢੰਗ ਨਾਲ ਖੋਜ ਰਿਹਾ ਹੈ।

ਜੇਕਰ ਕੋਈ ਨਾਮ ਦੀ ਸਰਵ ਵਿਆਪੀ ਗੂੰਜ ਅਨਹਤ ਨਾਦ ਵਿਚ ਨੀਨ ਹੋ ਕੇ ਅਨੁਭਵ ਕਰਨ ਦੀ ਕੋਸ਼ਿਸ਼ ਕਰਦਾ ਹੈ –"ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨ ਨਾ ਜਾਈ ਅਚਰਜ ਬਿਸਮਾਦ ॥" ਤਾਂ ਦੂਸਰਾ ਆਪਣੀ ਹਉਮੈ ਉਪਰ ਕਾਬੂ ਪਾ ਕੇ ("ਹਉਮੈ ਨਾਵੈ ਨਾਲ ਵਿਰੋਧੁ ਹੈ ਦੇਇ ਨ ਵਸਹਿ ਇਕ ਠਾਇ।") ਇਸ ਗੂੰਜ ਨੂੰ ਆਪਣੀ ਅੰਦਰ ਵਸਾਉਣ ਦੀ ਕੋਸ਼ਿਸ਼ ਕਰਦਾ ਹੈ – "ਹਊਮੈ ਜਾਈ ਤਾਂ ਕੰਤ ਸਮਾਈ ॥" ਜਾਂ "ਹਉ ਹਉ ਕਰਤ ਨਹੀਂ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥" ਪਰ ਇਹ ਮਾਇਆਵੀ ਤ੍ਰਿਸ਼ਨਾ ਨਾਮ ਬਿਨਾਂ ਨਹੀਂ ਬੁਝਦੀ – "ਤ੍ਰਿਸ਼ਨਾ ਬੂਝੈ ਹਰਿ ਕੈ ਨਾਮ ॥"

ਚਲਦਾ....


*ਪੁਸਤਕ 'ਰਾਗ ਨਾਦ ਸਬਦਿ ਸੋਹਣੇ' ਵਿਚੋਂ ਧੰਨਵਾਦ ਸਹਿਤ*


**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**


**ਗੁਰਮੁਖ ਢੂਢ ਢੂਢੇਦਿਆਂ (Free Matrimonial Service)**

Suitable match for Sikh Khatri girl 31, 5'-2", M.A., B.Ed., fair complexion, looking beautiful. Working as Teacher in a reputed Public School in Chandigarh. ***Contact:*** Jagmohan Singh Jaggi, H. No. 2182, Sector: 37-C, Chandigarh.

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਇਕ ਅਧਿਐਨ: ਗੁਰਮਤਿ ਸੰਗੀਤ ਦੀ ਦ੍ਰਿਸ਼ਟੀ ਤੋਂ

ਮਨਦੀਪ ਕੌਰ

**ਸ਼੍ਰੀ ਗੁਰੂ ਅਰਜਨ ਦੇਵ ਜੀ:**

ਸਿੱਖਾਂ ਦੇ ਪੰਜਵੇਂ ਗੁਰੂ ਸ਼੍ਰੀ ਗੁਰੂ ਅਰਜਨ ਦੇਵ ਜੀ ਸਿੱਖ ਧਰਮਤੰਤਰ ਦੇ ਇੱਕ ਬਹੁਤ ਹੀ ਮਹੱਤਵਪੂਰਨ ਕੇਂਦਰੀ ਅੰਗ ਹਨ ਅਤੇ ਉਹਨਾਂ ਦੀ ਨਿਵੇਕਲੀ ਸ਼ਖਸੀਅਤ ਉਹਨਾਂ ਨੂੰ ਸੰਤਾਂ ਮਹਾਤਮਾਵਾਂ ਦੇ ਤਾਰਿਆਂ ਰੂਪੀ ਸਮੂਹ ਵਿੱਚੋਂ ਸਭ ਤੋਂ ਵੱਧ ਚਮਕਦੇ ਹੋਏ ਤਾਰੇ ਵਜੋਂ ਪ੍ਰਕਾਸ਼ਮਾਨ ਕਰਦੀ ਹੈ ।

ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਚੌਥੇ ਪਾਤਸ਼ਾਹ ਸ਼੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ 15 ਅਪ੍ਰੈਲ 1563 ਈ: ਨੂੰ ਗੋਇੰਦਵਾਲ ਵਿਖੇ ਹੋਇਆ। ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਦੌਰਾਨ ਬਹੁਤ ਹੀ ਮਹੱਤਵਪੂਰਨ ਕਾਰਜ ਕੀਤੇ। ਪਰੰਤੂ ਉਹਨਾਂ ਦੁਆਰਾ ਕੀਤੇ ਕਾਰਜਾਂ ਵਿੱਚੋਂ ਤਿੰਨ ਬਹੁਤ ਹੀ ਮਹੱਤਵਪੂਰਨ ਕਾਰਜ ਹਨ ਜੋ ਕਿ ਉਹਨਾਂ ਦੇ ਨਾਮ ਅਮਰ ਰੱਖਣ ਲਈ ਕਾਫੀ ਹਨ। ਉਹ ਹਨ:-

੧) ਸ੍ਰ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ
੨) ਸ਼੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ
੩) ਸੱਚ ਅਤੇ ਹੱਕ ਵਾਸਤੇ ਉਹਨਾਂ ਦੀ ਸ਼ਹੀਦੀ

**ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ:**

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਕਲਨ ਕਰਕੇ ਅਧਿਆਤਮਿਕ ਅਤੇ ਸੰਗੀਤ ਜਗਤ ਨੂੰ ਆਪਣੀ ਵਿਲੱਖਣ ਦੇਣ ਦੁਆਰਾ ਭਰਪੂਰ ਕੀਤਾ। ਗੁਰੂ ਸਾਹਿਬ ਨੇ ਆਪਣੀ ਅਤੇ ਅਪਣੇ ਤੋਂ ਪੂਰਬਲੇ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਕੁਝ ਭਗਤਾਂ ਦੀ ਬਾਣੀ ਦਾ ਚੰਗੀ ਤਰ੍ਹਾਂ ਅਧਿਐਨ ਕਰਕੇ ਉਹਨਾਂ ਨੂੰ ਰਾਗਾਂ ਅਨੁਸਾਰ ਸੰਕਲਿਤ ਕੀਤਾ ਅਤੇ ਕੀਰਤਨ ਨੂੰ ਐਸਾ ਮਹੱਤਵ ਦਿੱਤਾ ਜੋ ਕਿ ਇੱਕ ਅਮਰ ਕਿਰਤ ਬਣ ਗਈ। ਇਸ ਲਈ ਭਾਈ ਗੁਰਦਾਸ ਜੀ ਲਿਖਦੇ ਹਨ:-

ਗੁਰਬਾਣੀ ਭੰਡਾਰੁ ਭਰਿ,
ਕੀਰਤਨ ਕਥਾ ਰਹੈ ਰੰਗ ਰਾਤਾ॥
ਧੁਨਿ ਅਨਹਦਿ ਨਿਝਰ ਝਰੈ,
ਪੂਰਨਿ ਪ੍ਰੇਮਿ ਅਮਿਓ ਰਸ ਮਾਤਾ॥

(ਵਾਰਾਂ ਭਾਈ ਗੁਰਦਾਸ, ਵਾਰ 24, ਪਉੜੀ 19, ਪੰ)

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਦੀ ਸੰਪਾਦਨਾ ਵੱਖ-ਵੱਖ ਰਾਗਾਂ ਅਧੀਨ ਹੋਈ ਹੈ। ਇਸ ਵਿੱਚ ਬਾਣੀਕਾਰ ਦੇ ਵਿਅਕਤੀਤਵ ਦੀ ਬਜਾਏ ਬਾਣੀ ਦਰਸ਼ਨ ਦੇ ਸੰਚਾਰ ਲਈ ਸੰਚਾਰਾਤਮਕ ਤੱਤ ਰਾਗ ਨੂੰ ਆਧਾਰ ਰੂਪ ਵਿੱਚ ਪ੍ਰਮੁਖੱਤਾ ਦਿੱਤੀ ਗਈ, ਇਸ ਪ੍ਰਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਪਾਦਨਾ ਮਹਿਜ਼ ਇਤਫਾਕ ਜਾਂ ਮੱਧਕਾਲੀਨ ਅਧਿਆਤਮਿਕ ਦਰਸ਼ਨ ਦਾ ਅਨੁਕਰਣ ਨਹੀਂ ਸਗੋਂ ਸੁਚੇਤ ਰੂਪ ਵਿੱਚ ਬਾਣੀ ਸੰਚਾਰ ਪ੍ਰਕਿਰਿਆ ਦੇ ਸੰਚਾਰ ਵਿਧਾਨ ਪ੍ਰਤੀ ਅਪਣਾਈ ਗਈ ਸਿੱਧੀ ਸਪਸ਼ਟ ਪਹੁੰਚ ਦੀ ਧਾਰਨੀ ਹੈ। ਇਸ ਪਹੁੰਚ ਅਧੀਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸੰਪਾਦਨਾ ਰਾਗਾਤਮਕ ਵਰਗੀਕਰਣ ਤੋਂ ਇਲਾਵਾ ਬਾਣੀ ਰੂਪ ਅਤੇ ਅੰਕ, ਘਰੁ, ਰਾਗ, ਰਹਾਉ, ਧੁਨਿ ਆਦਿ ਦੋ ਵੱਖ-ਵੱਖ ਸਿਰਲੇਖ ਬਾਣੀ ਸੰਚਾਰ ਦੀ ਕਾਰਜਸ਼ੀਲਤਾ ਦਰਸਾਉਣ ਲਈ ਆਧਾਰਾਤਮਕ ਭੂਮਿਕਾ ਨਿਭਾ ਰਹੇ ਹਨ।

ਉਪਰੋਕਤ ਸਾਰੇ ਵਿਚਾਰ ਤੋਂ ਪਤਾ ਲਗਦਾ ਹੈ ਕਿ ਸ਼੍ਰੀ ਗੁਰੂ ਅਰਜਨ ਦੇਵ ਜੀ ਸੰਗੀਤ ਦੀ ਬਹੁਤ ਬਾਰੀਕ ਸੂਝ-ਬੂਝ ਦੇ ਮਾਲਿਕ ਸਨ। ਉਹ ਇਕ ਬਹੁਤ ਵੱਡੇ ਅਤੇ ਮਹਾਨ ਸੰਗੀਤਕ ਵਿਗਿਆਨੀ ਸਨ।

**ਸ਼੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਣੀ:**

ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਛੇ ਗੁਰੂ ਸਾਹਿਬਾਨਾਂ,15 ਭਗਤਾਂ, 11 ਭੱਟਾਂ ਅਤੇ 4 ਗੁਰਸਿਖਾਂ ਦੀ ਬਾਣੀ ਦਰਜ ਹੈ। ਆਪਜੀ ਦੇ 44 ਰਾਗਾਂ ਵਿੱਚ 221 ਸ਼ਬਦ ਅਤੇ ਸ਼ਲੋਕ ਮਿਲਦੇ ਹਨ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਸੰਗੀਤ ਪ੍ਰਚਾਰ ਲਈ ਤਰਨਤਾਰਨ ਸਾਹਿਬ ਨੂੰ ਕੀਰਤਨ ਕੇਂਦਰ ਬਣਾਇਆ ਅਤੇ ਇਸ ਤੋਂ ਬਿਨਾਂ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ਵੀ ਮੁਕੰਮਲ ਕਰਵਾਇਆ।

**ਸ਼੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਪ੍ਰਯੁਕਤ ਰਾਗ ਅਤੇ ਗਾਇਨ ਰੂਪ:**

ਸ਼੍ਰੀ ਗੁਰੂ ਅਰਜਨ ਦੇਵ ਜੀ ਕਾਲ ਵਿੱਚ ਕੀਰਤਨ ਦੀ ਰੀਤ ਪੂਰਨ ਰੂਪ ਨਾਲ ਵਿਕਸਤ ਹੋ ਚੁੱਕੀ ਸੀ। ਜਿੱਥੇ ਗੁਰੂ ਜੀ

ਰਾਗ ਵਿਦਿਆ ਦੇ ਪੂਰਨ ਗਿਆਤਾ ਸਨ ਉਥੇ ਆਪ ਜੀ ਕੀਰਤਨ ਵਿੱਚ ਸ਼ਾਸਤਰੀ ਸੰਗੀਤ ਦੇ ਨਾਲ-ਨਾਲ ਲੋਕ ਸੰਗੀਤ ਦੀਆਂ ਧੁਨਾਂ ਉੱਤੇ ਕੀਰਤਨ ਕਰਨ ਨੂੰ ਵੀ ਪ੍ਰੋਤਸਾਹਿਤ ਕੀਤਾ। ਆਪ ਦੀਆਂ ਰਚਨਾਵਾਨ ਵਿੱਚ ਸਲੋਕ, ਛੰਤ, ਪਉੜੀ, ਦੋਪਦੇ, ਚਉਪਦੇ, ਅਸ਼ਟਪਦੀ, ਅੰਜੁਲੀਆਂ ਆਦਿ ਕਿੰਨੇ ਹੀ ਕਾਵਿ ਅਤੇ ਗਾਇਣ ਰੂਪ ਪ੍ਰਾਪਤ ਹੁੰਦੇ ਹਨ। ਆਪ ਜੀ ਦੀਆਂ 36 ਪੜਤਾਲਾਂ ਵੱਖ-ਵੱਖ ਰਾਗਾਂ ਅਧੀਨ ਦਰਜ ਮਿਲਦੀਆਂ ਹਨ ਜੋ ਨਿਮਨ ਤਾਲਿਕਾ ਤੋਂ ਸਪਸ਼ਟ ਹੈ:

| *ਕ੍ਰਮ* | *ਮੁੱਖ ਰਾਗ* | *ਬਾਣੀ ਰੂਪ* |
|---|---|---|
| 1 | ਸਿਰੀ | ਚਉਪਦੇ, ਅਸ਼ਟਪਦੀ, ਪਹਰੇ, ਛੰਤ, ਡਖਣਾ |
| 2 | ਮਾਝ | ਚਉਪਦੇ, ਅਸ਼ਟਪਦੀ, ਬਾਰਾਮਾਹ, ਦਿਨ ਰੈਣਿ |
| 3 | ਗਉੜੀ | ਚਉਪਦੇ, ਅਸ਼ਟਪਦੀ, ਛੰਤ, ਬਾਵਨ ਅੱਖਰੀ |
| 4 | ਆਸਾ | ਚਉਪਦੇ, ਦੁਪਦੇ, ਪੰਚਪਦੇ, ਤਿਪਦੇ ਪੜਤਾਲ, ਅਸ਼ਟਪਦੀ, ਛੰਤ |
| 5 | ਗੂਜਰੀ | ਚਉਪਦੇ, ਪੰਚਪਦੇ, ਤਿਪਦਾ, ਦੁਪਦੇ, ਵਾਰ |
| 6 | ਦੇਵਗੰਧਾਰੀ | ਦੁਪਦੇ |
| 7 | ਬਿਹਾਗੜਾ | ਚਉਪਦੇ, ਛੰਤ |
| 8 | ਵਡਹੰਸ | ਚਉਪਦੇ, ਤਿਪਦਾ, ਪੰਚਪਦਾ, ਛੰਤ |
| 9 | ਸੋਰਠਿ | ਚਉਪਦੇ, ਪੰਚਪਦਾ, ਦੁਪਦੇ, ਅਸ਼ਟਪਦੀ |
| 10 | ਧਨਾਸਰੀ | ਚਉਪਦੇ, ਤਿਪਦੇ, ਦੁਪਦੇ, ਪੜਤਾਲ, ਛੰਤ, ਅਸ਼ਟਪਦੀ |
| 11 | ਜੈਤਸਰੀ | ਚਉਪਦੇ, ਦੁਪਦੇ, ਛੰਤ, ਵਾਰ |
| 12 | ਟੋਡੀ | ਚਉਪਦੇ, ਦੁਪਦੇ |
| 13 | ਬੈਰਾੜੀ | ਦੁਪਦਾ |
| 14 | ਤਿਲੰਗ | ਚਉਪਦੇ, ਦੁਪਦੇ, ਤਿਪਦੇ |
| 15 | ਸੂਹੀ | ਪੜਤਾਲ, ਅਸ਼ਟਪਦੀ, ਛੰਤ |
| 16 | ਬਿਲਾਵਲ | ਚਉਪਦੇ, ਦੁਪਦੇ, ਪੜਤਾਲ, ਛੰਤ |
| 17 | ਗੋਂਡ | ਚਉਪਦੇ |
| 18 | ਰਾਮਕਲੀ | ਦੁਪਦੇ, ਪੜਤਾਲ, ਅਸ਼ਟਪਦੀ, ਰਾਮਕਲੀ ਕੀ ਵਾਰ, ਛੰਤ |
| 19 | ਨਟ ਨਾਰਾਇਣ | ਦੁਪਦੇ, ਪੜਤਾਲ |
| 20 | ਮਾਲੀ ਗਉੜਾ | ਦੁਪਦੇ, ਚਉਪਦੇ |
| 21 | ਮਾਰੂ | ਦੁਪਦੇ, ਅੰਜਲੀ, ਅਸ਼ਟਪਦੀ, ਸੋਲਹੇ, ਮਾਰੂ ਕੀ ਵਾਰ |
| 22 | ਤੁਖਾਰੀ | ਛੰਤ |
| 23 | ਕੇਦਾਰਾ | ਦੁਪਦੇ, ਛੰਤ |
| 24 | ਭੈਰਵ | ਚਉਪਦੇ, ਤਿਪਦੇ, ਦੁਪਦੇ ਪੜਤਾਲ, ਅਸ਼ਟਪਦੀ |
| 25 | ਬਸੰਤ | ਚਉਪਦੇ, ਅਸ਼ਟਪਦੀ, ਵਾਰ |
| 26 | ਸਾਰੰਗ | ਚਉਪਦੇ, ਦੁਪਦੇ, ਪੜਤਾਲ ਅਸ਼ਟਪਦੀ, ਛੰਤ |
| 27 | ਮਲ੍ਹਾਰ | ਚਉਪਦੇ, ਦੁਪਦੇ, ਪੜਤਾਲ, ਛੰਤ |
| 28 | ਕਾਨੜਾ | ਚਉਪਦੇ, ਦੁਪਦੇ, ਛੰਤ |
| 29 | ਕਲਿਆਣ | ਦੁਪਦੇ |
| 30 | ਪ੍ਰਭਾਤੀ | ਚਉਪਦੇ |

| *ਕ੍ਰਮ* | *ਰਾਗ ਪ੍ਰਕਾਰ* | *ਬਾਣੀ ਰੂਪ* |
|---|---|---|
| 1 | ਗਉੜੀ ਗੁਆਰੇਰੀ | ਚਉਪਦੇ |
| 2 | ਗਉੜੀ ਬੈਰਾਗਣਿ | ਪੰਚਪਦਾ, ਛੰਤ |
| 3 | ਗਉੜੀ ਚੇਤੀ | ਦੁਪਦੇ, ਚਉਪਦੇ |
| 4 | ਗਉੜੀ ਪੂਰਬੀ | ਚਉਪਦੇ |
| 5 | ਗਉੜੀ ਮਾਝ | ਪੰਚਪਦੇ, ਅਸ਼ਟਪਦੀ |
| 6 | ਗਉੜੀ ਮਾਲਵਾ | ਚਉਪਦੇ |
| 7 | ਗਉੜੀ ਮਾਲਾ | ਚਉਪਦੇ |
| 8 | ਆਸਾ ਕਾਫੀ | ਚਉਪਦੇ |
| 9 | ਆਸਾਵਰੀ | ਦੁਪਦੇ, ਤਿਪਦੇ, ਅਸ਼ਟਪਦੀ |
| 10 | ਆਸਾਵਰੀ ਸੁਧੰਗ | ਦੁਪਦੇ |
| 11 | ਨਟ | ਦੁਪਦੇ, ਤਿਪਦੇ, ਪੜਤਾਲ |
| 12 | ਬਸੰਤ ਹਿੰਡੋਲ | ਚਉਪਦੇ |
| 13 | ਪ੍ਰਭਾਤੀ ਬਿਭਾਸ | ਚਉਪਦੇ, ਪੜਤਾਲ |
| 14 | ਬਿਭਾਸ ਪ੍ਰਭਾਤੀ | ਅਸ਼ਟਪਦੀ |

**ਗੁਰੂ ਸਾਹਿਬ ਦੇ ਕੀਰਤਨ ਸੰਬੰਧੀ ਫੁਰਮਾਨ:**

***ਕੀਰਤਨ ਨਿਰਮੋਲਕ ਹੀਰਾ ਆਨੰਦ ਗੁਣੀ ਗਹੀਰਾ ॥***

(ਰਾਮਕਲੀ ਮ 5 ਪੰਨਾ-893)

***ਤਹਾ ਬੈਕੁੰਠ, ਜਹਾ ਕੀਰਤਨ ਤੇਰਾ,***
***ਤੂੰ ਆਪੇ ਸਰਧਾ ਲਾਇਹਿ ॥***

(ਸੂਹੀ ਮ 5 ਪੰਨਾ -789)

***ਰਾਜ ਲੀਲਾ ਤੇਰੈ ਨਾਮਿ ਬਨਾਈ***
***ਜੋਗ ਬਨਿਆ ਤੇਰਾ ਕੀਰਤਨ ਮਾਈ ॥***

(ਆਸਾ ਮ 5 ਪੰਨਾ -335)

*ਨਾਨਕ ਕਹੈ ਸੁਨਿ ਰੇ ਮਨਾ*
*ਕਰਿ ਕੀਰਤਨ ਹੋਇ ਉਧਾਰ ॥*
*ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ,*
*ਕੀਰਤਨ ਹਰਿ ਹਰਿ ਮਾਈ ॥*
(ਮਾਰੂ ਮ 5 ਪੰਨਾ-1000)

**ਕੀਰਤਨੀਏ ਸੰਬੰਧੀ:**

*ਭਲੋ ਭਲੋ ਰੇ ਕੀਰਤਨੀਆ*
*ਰਾਮ ਰਮਾ ਰਾਮਾ ਗੁਨ ਗਾਉ ॥*
(ਰਾਮਕਲੀ ਮ 5 ਪੰਨਾ -885)

**ਸਾਜਾਂ ਸੰਬੰਧੀ:**

*ਮੰਗਲ ਸਾਜ ਭਇਆ ਪ੍ਰਭ ਅਪਨਾ ਗਾਇਆ ਰਾਮ ॥*
(ਬਿਲਾਵਲ ਮ 5 ਪੰਨਾ-846)

*ਹਮ ਤੇਰੇ ਜੰਤ ਤੂੰ ਬਜਾਵਨਹਾਰ ॥*
(ਭੈਰਉ ਮ 5 ਪੰਨਾ-1144)

*ਕਰ ਕਰਿਤਾਲ ਪਖਾਵਜੁ ਨੈਨਹੁ ਮਾਥੇ ਵਜਹਿ ਰਬਾਬਾ ॥*
(ਰਾਮਕਲੀ ਮ 5 ਪੰਨਾ-885)

*ਵਾਜੇ ਅਨਹਦ ਬਾਜਾ ਰਸਿਕ ਗੁਣ ਗਾਵਿਹ ਹਰਜਨ*
*ਅਪਨੇ ਗੁਰਦੇਇ ਨਿਵਾਜਾ ॥*
(ਰਾਮਕਲੀ ਮ 5 ਪੰਨਾ - 891)

*ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਬਜਾਏ ॥*
(ਆਸਾ ਮ 5 ਪੰਨਾ- 381)

**ਰਾਗਾਂ ਸੰਬੰਧੀ:**

*ਪੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥*
(ਪੰਨਾ- 958)

*ਸਭਨਾ ਰਾਗਾ ਵਿਚਿ ਸੋ ਭਲਾ ਭਾਈ*
*ਜਿਤ ਵਸਿਆ ਮਨਿ ਆਇ ॥*
*ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ*
*ਰਾਗ ਰਤਨਾ ਰਸਨਾ ਆਲਾਪ ॥*

*394, ਵਾਰਡ ਨੰ: 9, ਚੰਡੀਗੜ੍ਹ ਰੋਡ, ਸਮਰਾਲਾ*
*ਜ਼ਿਲ੍ਹਾ ਲੁਧਿਆਣਾ 141 114*

HELP NEEDY
SHARE THE BLESSINGS
HELP NEEDY

TO LIVE LONG
LEAD NATURAL LIFE
TO LIVE MEANINGFUL LIFE
JOIN TEAM HELP NEEDY
TO LIVE FOR EVER
DONATE
• BLOOD • EYES • TISSUES • ORGANS • WHOLE BODY
A UNIQUE GIFT OF LIFE

AN ISO 9001 - 2000 CERT. TRUST
**SEWAKS' Charitable Trust (Regd.)**
Regd. Office : SCO 1104-05, First Floor, Sector 22-B, Chandigarh-160 022 (INDIA)
Tel. : 0172-5012763, 93161-36268, 98722-84141 Fax : 0172-5012763
e-mail : sewaks@sewaks-helpneedy.com website : www.sewaks-helpneedy.com
BRANCH OFFICE : 2477, STREET 15, DASHMESH NAGAR, LUDHIANA (PUNJAB) PH: 2490820, 98156-18154
+ Medical Sewa Centre : Village Jhanjeri, P.O. Landran, Tehsil Kharar, Distt. S.A.S. Nagar (PUNJAB)
+ Medical Sewa Centre : Lal Kothi, Village Behlon, Morni Hills, Distt. Panchkula (HARYANA)
+ Baba Ram Singh Ji Chugh MEDICAL SEWA HOSPITAL, Vill. Gatauli, Teh. & Distt. Solan (H.P.)
IN THE SERVICE OF HUMANITY SINCE 1994

# ਸੰਗੀਤਕ ਸੁਰਾਂ ਦਾ ਸਿਰਤਾਜ : ਰਾਗੀ ਜਸਵੰਤ ਸਿੰਘ

ਅਜਮੇਰ ਸਿੰਘ ਐਮ.ਏ.

ਦੁਨੀਆਂ ਵਿਚ ਬਹੁਤ ਘੱਟ ਲੋਕ ਅਜਿਹੇ ਹੁੰਦੇ ਨੇ ਜਿਹੜੇ ਆਪਣੇ ਗੁਣਾਂ ਸਦਕਾ ਹਮੇਸ਼ਾਂ ਲਈ ਜ਼ਿੰਦਾ ਰਿਹਾ ਕਰਦੇ ਨੇ। ਅਸੀਂ ਤੁਸੀਂ ਤੇ ਹੋਰ ਬਹੁਤ ਸਾਰੇ ਤਾਂ ਬੱਸ ਐਵੇਂ ਹੀ ਜੂਨ ਪੂਰੀ ਕਰਨ ਲਈ ਦੁਨੀਆਂ ਵਿਚ ਆਉਂਦੇ ਹਾਂ। ਜਿਸ ਪ੍ਰਾਣੀ ਨੇ ਇਸ ਸੰਸਾਰ ਵਿਚ ਜਨਮ ਲੈ ਕੇ ਮਨੁੱਖਾ ਜੂਨ ਧਾਰਣ ਕਰਕੇ ਕੋਈ ਪਰ ਉਪਕਾਰ ਨਹੀਂ ਕੀਤਾ, ਨੇਕ ਕਮਾਈ ਨਹੀਂ ਕੀਤੀ, ਕਿਸੇ ਦੁਖੀਏ ਦਾ ਦੁੱਖ ਨਹੀਂ ਵੰਡਾਇਆ ਤੇ ਨਾਮ ਬਾਣੀ ਦਾ ਸਿਮਰਨ ਕਰਕੇ ਮਾਨਸਿਕ ਸੁਖ ਨੂੰ ਨਸੀਬ ਨਹੀਂ ਕੀਤਾ, ਉਸ ਦਾ ਇਸ ਦੁਨੀਆਂ ਵਿਚ ਆਉਣਾ ਐਵੇਂ ਧਰਤੀ ਉਪਰ ਇਕ ਬੋਝ ਹੀ ਹੁੰਦਾ ਹੈ। ਬ੍ਰਹਮ ਗਿਆਨੀ ਦੀ ਵੱਡੀ ਨਿਸ਼ਾਨੀ ਹੀ ਇਹ ਹੈ ਕਿ ਉਹ ਹਮੇਸ਼ਾ ਪਰਉਪਕਾਰ ਕਰਨ ਲਈ ਉਤਾਵਲਾ ਹੋਇਆ ਰਹਿੰਦਾ ਹੈ। ਦੂਸਰਿਆਂ ਦੇ ਕੰਮ ਆਉਣਾ ਤੇ ਕਿਸੇ ਲੋੜਵੰਦ ਦੀ ਲੋੜ ਪੂਰੀ ਕਰਨਾ ਉਸਦੀ ਸਭ ਤੋਂ ਵੱਡੀ ਖੁਸ਼ੀ ਹੁੰਦੀ ਹੈ।

ਸ੍ਰੀਮਾਨ ਰਾਗੀ ਜਸਵੰਤ ਸਿੰਘ ਜੀ ਐਸੇ ਹੀ ਇਕ ਮਹਾਨ ਵਿਅਕਤੀ ਸਨ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਨੂੰ ਰਾਗ ਵਿੱਦਿਯਾ ਦੇ ਪੂਰਨ ਭੰਡਾਰ ਦੀ ਦਾਤ ਬਖਸ਼ੀ ਹੋਈ ਸੀ।ਆਪ ਜੀ ਨੇ ਸਾਰੀ ਉਮਰ, ਇਸ ਕੀਮਤੀ ਭੰਡਾਰੇ ਨੂੰ ਮੁੱਠਾਂ ਭਰ ਭਰ ਕੇ ਲੁਟਾਇਆ, ਸੰਗੀਤ ਦੀ ਖੂਬ ਲੁੱਟ ਮਚਾਈ। ਜਿਵੇਂ ਲੋਹਾ ਪਾਰਸ ਨਾਲ ਲੱਗ ਕੇ ਸੋਨਾ ਬਣ ਜਾਇਆ ਕਰਦਾ ਹੈ, ਇਸੇ ਤਰ੍ਹਾਂ ਰੂੜੀਆਂ ਦੇ ਢੇਰਾਂ ਵਿਚ ਰੁਲਦੇ ਹੋਏ ਕਈ ਸੈਂਕੜੇ ਲੋਹੇ ਦੇ ਟੁਕੜੇ ਇਸ ਪਾਰਸ ਨਾਲ ਲੱਗ ਕੇ ਸੋਨਾ ਬਣ ਗਏ। ਯਥਾ:

ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ ॥੧੧॥

ਸਲੋਕ ਕਬੀਰ ਜੀ, ਅੰਗ-1365

***ਬਚਪਨ ਦਾ ਸਮਾਂ:*** ਰਾਗੀ ਜਸਵੰਤ ਸਿੰਘ ਜੀ ਦਾ ਜਨਮ 10 ਜੁਲਾਈ, 1913 ਨੂੰ ਤਹਿਸੀਲ ਜਗਰਾਉਂ (ਲੁਧਿਆਣਾ) ਦੇ ਪਿੰਡ ਕੁਲਾਰ ਵਿਚ ਹੋਇਆ। ਪਿਤਾ ਦਾ ਨਾਮ ਸ. ਕੇਹਰ ਸਿੰਘ ਜੀ ਤੇ ਮਾਤਾ ਦਾ ਨਾਮ ਰਾਜ ਕੌਰ ਜੀ ਸੀ। ਛੋਟੀ ਉਮਰ ਵਿਚ ਹੀ ਚੇਚਕ ਦੀ ਚੰਦਰੀ ਬੀਮਾਰੀ ਨੇ ਨੈਣਾਂ ਦੀ ਜੋਤਿ ਖਤਮ ਕਰ ਦਿੱਤੀ ਸੀ। ਇਕਲੌਤਾ ਪੁੱਤਰ ਹੋਣ ਕਰਕੇ ਮਾਂ-ਬਾਪ ਬਹੁਤ ਪਿਆਰ ਕਰਦੇ ਸਨ। ਇਨ੍ਹਾਂ ਦੀ ਰੀਝ ਸੀ ਕਿ ਆਪਣੇ ਲਾਡਲੇ ਬੇਟੇ ਨੂੰ ਵੱਧ ਤੋਂ ਵੱਧ ਲਾਇਕ ਬਣਾਇਆ ਜਾਵੇ। ਸਕੂਲੀ ਵਿੱਦਿਆ ਦੇਣੀ ਤਾਂ ਸੰਭਵ ਨਹੀਂ ਸੀ, ਇਸ ਲਈ ਇਹੀ ਮੁਨਾਸਿਬ ਸਮਝਿਆ ਗਿਆ ਕਿ ਇਸ ਨੂੰ ਰਾਗ ਵਿੱਦਿਆ ਦੀ ਸਿਖਲਾਈ ਦਿੱਤੀ ਜਾਵੇ। ਪਿੰਡ ਦੇ ਗ੍ਰੰਥੀ ਭਾਈ ਪੂਰਨ ਸਿੰਘ ਨੇ ਛੇਤੀ ਹੀ ਇਸ ਹੋਣਹਾਰ ਬੱਚੇ ਨੂੰ ਨਿਤਨੇਮ ਦੀਆਂ ਪੰਜ ਬਾਣੀਆਂ ਤੋਂ ਬਿਨਾਂ ਗੁਰਬਾਣੀ ਦੇ ਕਈ ਸੈਂਕੜੇ ਸ਼ਬਦ ਕੰਠ ਕਰਵਾ ਦਿੱਤੇ।

ਗਿਆਰਾਂ ਸਾਲ ਦੀ ਉਮਰ ਵਿਚ ਇਸ ਨੂੰ ਰਾਗ ਵਿੱਦਿਆ ਦੀ ਪ੍ਰਸਿੱਧ ਟਕਸਾਲ ਪਿੰਡ ਦੌਧਰ ਵਿਚ ਦਾਖਲ ਕਰਵਾ ਦਿੱਤਾ।

***ਵਿੱਦਿਆ ਪ੍ਰਾਪਤੀ:*** 1924 ਤੋਂ 1939 ਤੱਕ ਪੂਰੇ ਪੰਦਰਾਂ ਸਾਲ ਦੌਧਰ ਵਿਖੇ ਰਹਿ ਕੇ ਰਾਗ ਵਿੱਦਿਆ ਨੂੰ ਭਾਰੀ ਉਤਸ਼ਾਹ, ਡੂੰਘੀ ਲਗਨ ਤੇ ਖਾਸ ਸ਼ੌਕ ਨਾਲ ਸਿੱਖਿਆ। ਹਾਰਮੋਨੀਅਮ, ਤਬਲਾ, ਸਰੰਦਾ, ਦੋਤਾਰਾ, ਵਾਇਲਨ, ਤਾਊਸ, ਜਲਤਰੰਗ ਤੇ ਹੋਰ ਕਈ ਸਾਜ਼ਾਂ ਨੂੰ ਵਜਾਉਣ ਦੀ ਪੂਰੀ ਜਾਚ ਸਿੱਖ ਲਈ। ਇਹ ਯਾਦ ਰਹੇ ਕਿ ਪਿੰਡ ਦੌਧਰ, ਢੁੱਡੀਕੇ ਦੇ ਨੇੜੇ ਤਹਿਸੀਲ ਮੋਗੇ ਦਾ ਬੜਾ ਮਸ਼ਹੂਰ ਕਸਬਾ ਹੈ। ਇਥੇ ਇਕ ਸਦੀ ਤੋਂ ਰਾਗ ਵਿੱਦਿਆ ਦੀ ਸਿਖਲਾਈ ਕਰਵਾਉਣ ਵਾਲਾ ਆਸ਼ਰਮ ਬੜੀ ਸਫ਼ਲਤਾ ਨਾਲ ਚੱਲ ਰਿਹਾ ਹੈ। ਇਸ ਥਾਂ ਤੋਂ ਕਈ ਸੈਂਕੜੇ ਰਾਗੀਆਂ ਨੇ ਰਾਗ ਵਿੱਦਿਆ ਸਿੱਖ ਕੇ ਸਿੱਖ ਪੰਥ ਦੀ ਭਾਰੀ ਸੇਵਾ ਕੀਤੀ ਹੈ। ਕੀਰਤਨ ਤੇ ਰਾਗ ਦਾ ਸੋਮਾ ਪਿੰਡ ਦੌਧਰ ਵਿਚ ਕਾਇਮ ਹੈ। ਇਸ ਜੈਸਾ ਆਸ਼ਰਮ ਸਾਰੇ ਪੰਜਾਬ ਵਿਚ ਹੋਰ ਕਿਧਰੇ ਨਹੀਂ ਹੈ। ਪ੍ਰਸਿੱਧ ਵਿਦਵਾਨ ਗਿਆਨੀ ਲਾਲ ਸਿੰਘ ਐਮ.ਏ. ਇਸੇ ਪਿੰਡ ਵਿਚ ਪੈਦਾ ਹੋਏ।

ਦੌਧਰ ਆਸ਼ਰਮ ਦੀ ਸਾਰੀ ਸਿਖਲਾਈ ਪੂਰੀ ਕਰ ਚੁੱਕਣ ਮਗਰੋਂ ਵੀ ਜਸਵੰਤ ਸਿੰਘ ਦੀ ਰੀਝ ਸੀ ਕਿ ਹਾਲੀ ਹੋਰ ਨਿਪੁੰਨਤਾ ਪ੍ਰਾਪਤ ਕਰਨੀ ਹੈ। ਇਸ ਲਈ ਉਸ ਸਮੇਂ ਦੇ ਪ੍ਰਸਿੱਧ ਉਸਤਾਦ ਪੰਡਤ ਨੱਥੂ ਰਾਮ ਕੋਲੋਂ ਹੋਰ ਗੁਣਾਂ ਦੀ ਪ੍ਰਾਪਤੀ ਕਰਨ ਲਈ ਆਪ ਤਰਨ ਤਾਰਨ ਚਲੇ ਗਏ। ਥੋੜ੍ਹਾ ਸਮਾਂ ਇਥੇ ਰਹਿ ਕੇ ਰਾਗ ਵਿੱਦਿਆ ਦੇ ਮੰਨੇ ਪ੍ਰਮੰਨੇ ਉਸਤਾਦ ਝੰਡੇ ਖਾਨ ਦੀ ਸ਼ਾਗਿਰਦੀ ਧਾਰਨ ਕਰਕੇ ਚੱਕ ਨੰਬਰ ਵੀਹ ਵਿਚ

(ਮਿੰਟਗੁਮਰੀ) ਚਲੇ ਗਏ।

ਇਕ ਸਾਲ ਤੋਂ ਵੀ ਵੱਧ ਸਮਾਂ ਇਥੇ ਰਹਿ ਕੇ ਸੰਗੀਤਕ ਕਲਾ ਦੇ ਡੂੰਘੇ ਭੇਤਾਂ ਦੀ ਜਾਣਕਾਰੀ ਹਾਸਲ ਕੀਤੀ। ਕਈ ਹੋਰ ਨਵੀਨ ਸਾਜ਼ਾਂ ਉਪਰ ਹੱਥ ਅਜ਼ਮਾਇਆ। ਬੁੱਧੀ ਤੀਖਣ ਹੋਣ ਕਰਕੇ ਆਪ ਸਭ ਕੁਝ ਝੱਟ ਹੀ ਸਮਝ ਜਾਂਦੇ ਸਨ। ਜਸਵੰਤ ਸਿੰਘ ਦੀ ਇਹ ਆਦਤ ਸੀ ਕਿ ਜੋ ਕੁਝ ਸਿੱਖਣਾ ਹੈ ਪੂਰੇ ਪੂਰੇ ਸ਼ੌਕ ਨਾਲ ਸਿੱਖਣਾ ਹੈ। ਬੇਹੱਦ ਮਿਹਨਤ ਕੀਤੀ। ਔਖੀ ਤੋਂ ਔਖੀ ਰਮਜ਼ ਨੂੰ ਠੀਕ ਤਰ੍ਹਾਂ ਸਮਝ ਲਿਆ। ਹੁਣ ਆਪ ਰਾਗ ਵਿੱਦਿਆ ਨੂੰ ਸਿਖਾਉਣ ਲਈ ਪੂਰੀ ਪੂਰੀ ਯੋਗਤਾ ਪ੍ਰਾਪਤ ਕਰ ਚੁੱਕੇ ਸਨ।

***ਕਿੱਥੇ ਕਿੱਥੇ ਰਾਗ ਸਿਖਾਇਆ ?***

1 ਸਭ ਤੋਂ ਪਹਿਲਾਂ ਦੌਧਰ ਟਕਸਾਲ ਦੇ ਮੁਖੀ ਸੰਤ ਮੰਗਲ ਸਿੰਘ ਜੀ ਦੀ ਪ੍ਰੇਰਨਾ ਨਾਲ ਪਿੰਡ ਭਸੀਨ (ਮਿੰਟਗੁਮਰੀ) ਵਿਖੇ ਸੰਗੀਤ ਵਿਦਿਆਲਾ ਆਰੰਭ ਕੀਤਾ। ਇਸੇ ਦੌਰਾਨ ਚੱਕ ਨੰਬਰ 73 ਦੇ ਪੰਜ ਸਿੰਘਾਂ ਨੂੰ ਕੀਰਤਨ ਕਰਨ ਦਾ ਗੁਣ ਸਿਖਾਇਆ।

2 1939 ਤੋਂ 1941 ਤੱਕ ਗੁਰੂ ਨਾਨਕ ਮਹਾਂ ਵਿਦਿਆਲਾ ਪਿੰਡ ਮਾਨਪੁਰ ਖੰਟ (ਰੋਪੜ) ਵਿਚ ਕਈ ਦਰਜਨ ਸ਼ਾਗਿਰਦਾਂ ਨੂੰ ਰਾਗ ਦੀ ਸਿਖਲਾਈ ਕਰਵਾਈ। ਹੁਣ ਵੀ ਜਦੋਂ ਲੁਧਿਆਣੇ ਤੋਂ ਸਮਰਾਲੇ ਵਿਚ ਚੰਡੀਗੜ੍ਹ ਨੂੰ ਜਾਈਦਾ ਹੈ ਤਾਂ ਉੱਚਾ ਪਿੰਡ ਤੋਂ ਥੋੜੀ ਦੂਰ ਅੱਗੇ ਜਾ ਕੇ ਇਸ ਪੁਰਾਤਨ ਵਿਦਿਆਲੇ ਦੀ ਪੁਰਾਣੀ ਇਮਾਰਤ ਸਾਫ਼ ਦਿਖਾਈ ਦਿੰਦੀ ਹੈ। ਉਹਨੀਂ ਦਿਨੀਂ ਏਥੇ ਕੋਈ ਸੜਕ ਨਹੀਂ ਸੀ। ਮੁਰਿੰਡਾ ਰੇਲਵੇ ਸਟੇਸ਼ਨ ਤੋਂ ਪੰਜ ਮੀਲ ਪੈਦਲ ਤੁਰਨਾ ਪੈਂਦਾ ਸੀ। ਗੁਰਦੁਆਰਾ ਫਲਾਹੀ ਸਾਹਿਬ ਦੇ ਮੁਖੀ ਸੇਵਾਦਾਰ ਭਾਈ ਸੰਤੋਖ ਸਿੰਘ ਜੀ 'ਮ੍ਰਿਗਿੰਦ' ਨੇ ਇਥੋਂ ਹੀ ਰਾਗੀ ਜਸਵੰਤ ਸਿੰਘ ਤੋਂ ਵਿੱਦਿਆ ਸਿੱਖੀ ਸੀ। 1985 ਵਿਚ ਜਦੋਂ ਇਨ੍ਹਾਂ ਸਤਰਾਂ ਦਾ ਲੇਖਕ ਲੰਡਨ (ਇੰਗਲੈਂਡ) ਵਿਚ ਸੀ ਤਾਂ ਉਥੋਂ ਦੇ ਇਕ ਪ੍ਰਸਿੱਧ ਹੈਡਗ੍ਰੰਥੀ ਨੇ ਬੜੀ ਖੁਸ਼ੀ ਨਾਲ ਦਸਿਆ ਕਿ "ਮੈਂ ਰਾਗੀ ਜਸਵੰਤ ਸਿੰਘ ਜੀ ਦਾ ਸ਼ਾਗਿਰਦ ਹਾਂ" ਤੇ ਹੋਰ ਬਥੇਰੇ ਸ਼ਾਗਿਰਦ ਹਨ, ਜਿਹੜੇ ਬੜੀ ਗੌਰਵਤਾ ਨਾਲ ਦਸਿਆ ਕਰਦੇ ਨੇ ਕਿ ਮੇਰਾ ਉਸਤਾਦ ਰਾਗੀ ਜਸਵੰਤ ਸਿੰਘ ਹੈ।

3 1942 ਵਿਚ ਗੁਰਦੁਆਰਾ ਦੂਖ ਨਿਵਾਰਨ ਪਟਿਆਲਾ ਵਿਚ ਰਾਗ ਸਿਖਾਇਆ।

4 ਜ਼ਿਲ੍ਹਾ ਸ਼ੇਖੂਪੁਰੇ ਦੇ ਗੁਰਦੁਆਰਾ ਸੱਚਾ ਸੌਦਾ ਚੂਹੜਕਾਨਾ ਵਿਖੇ ਸੰਗੀਤ ਸਿਖਾਉਣ ਦੀ ਸੇਵਾ ਕੀਤੀ।

5 ਆਪਣੇ ਪਿੰਡ ਕੁਲਾਰਾਂ ਤੋਂ ਨੇੜੇ ਹੀ ਪ੍ਰਸਿੱਧ ਗੁਰਦੁਆਰਾ ਪਿੰਡ ਹੇਰਾਂ ਵਿਖੇ 1944 ਵਿਚ ਰਾਗੀ ਕਲਾਸ ਆਰੰਭ ਕੀਤੀ। ਪਰ ਇਥੇ ਬਹੁਤੀ ਕਾਮਯਾਬੀ ਨਾ ਹੋਈ ਕਿਉਂਕਿ ਪ੍ਰਬੰਧ ਠੀਕ ਨਹੀਂ ਸੀ। ਗੁਰਦੁਆਰਾ ਕਮੇਟੀ ਨੇ ਕੋਈ ਉਤਸ਼ਾਹ ਨਾ ਦਿੱਤਾ।

6 1945 ਵਿਚ ਦੁਬਾਰਾ ਮਾਨਪੁਰ ਖੰਟ ਦੇ ਵਿਦਿਆਲੇ ਵਿਚ ਸਿਖਲਾਈ ਦਿੱਤੀ।

7 ਜ਼ਿਲ੍ਹਾ ਲੁਧਿਆਣੇ ਦੇ ਪ੍ਰਸਿੱਧ ਗੁਰਦੁਆਰ ਫਲਾਹੀ ਸਾਹਿਬ, ਪਿੰਡ ਦੁਲਏ ਵਿਖੇ 1946-47 ਵਿਚ ਅਨੇਕਾਂ ਵਿਦਿਆਰਥੀਆਂ ਨੂੰ ਰਾਗ ਵਿੱਦਿਆ ਦਾ ਦਾਨ ਦਿੱਤਾ। ਰਾਗੀ ਜੀ ਦਾ ਇਸ ਪਵਿੱਤਰ ਤੇ ਰਮਣੀਕ ਅਸਥਾਨ ਨਾਲ ਡੂੰਘਾ ਪਿਆਰ ਸੀ। ਬਹੁਤ ਭਾਰੀ ਸ਼ਰਧਾ ਸੀ। 1983 ਦੇ ਦਸੰਬਰ ਮਹੀਨੇ ਜਦੋਂ ਆਪ ਕੈਨੇਡਾ ਤੇ ਸਿੰਘਾਪੁਰ ਤੋਂ ਵਾਪਸ ਆਏ ਸਨ ਤਾਂ ਸਰੀਰ ਤਿਆਗਣ ਤੋਂ ਥੋੜੇ ਦਿਨ ਪਹਿਲਾਂ ਆਪ ਨੇ ਗੁਰਦੁਆਰਾ ਫਲਾਹੀ ਸਾਹਿਬ ਵਿਖੇ ਡਾਢਾ ਰਸਭਿੰਨਾ ਕੀਰਤਨ ਕੀਤਾ ਸੀ। ਸ਼ਾਇਦ ਆਪ ਜੀ ਦਾ ਇਹ ਆਖ਼ਰੀ ਕੀਰਤਨ ਸੀ।

8 1950-51 ਵਿਚ ਸਮਰਾਲਾ ਗੁਰਦੁਆਰਾ ਵਿਖੇ ਕੀਰਤਨ ਦੀ ਸਿਖਲਾਈ ਦਿੱਤੀ।

9 1952-1954 ਤੱਕ ਗੁਰਦੁਆਰਾ ਬੜੀ ਸਿੱਖ ਸੰਗਤ ਕਲਕੱਤਾ ਵਿਖੇ ਕਈ ਦਰਜਨਾਂ ਵਿਦਿਆਰਥੀਆਂ ਨੇ ਕੀਰਤਨ ਦੀ ਦਾਤ ਪ੍ਰਾਪਤ ਕੀਤੀ।

10 1959 ਤੋਂ 1961 ਤੱਕ ਮਹਾਨ ਪੂਜਨੀਕ ਬ੍ਰਹਮ ਗਿਆਨੀ ਸ੍ਰੀਮਾਨ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੇ ਜਨਮ ਨਗਰ ਚੀਮਾ ਵਿਖੇ ਰਾਗੀ ਕਲਾਸ ਨੂੰ ਟ੍ਰੇਨਿੰਗ ਦਿੱਤੀ। ਸੰਤ ਤੇਜਾ ਸਿੰਘ ਡਬਲ ਐਮ.ਏ. ਇਥੋਂ ਦੇ ਇੰਚਾਰਜ ਸਨ।

11 1962-64 ਤੱਕ ਗੁਰਦੁਆਰਾ ਮਸਤੂਆਣਾ (ਸੰਗਰੂਰ) ਵਿਖੇ ਰਾਗ ਸਿਖਾਇਆ।

12 ਸੰਤ ਗਿਆਨੀ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਚਖੰਡ ਗਮਨ ਅਸਥਾਨ ਗੁਰਦੁਆਰਾ ਬੋਪਾਰਾਏ (ਲੁਧਿਆਣਾ) ਵਿਖੇ 1965-66 ਵਿਚ ਰਾਗ ਸਿਖਾਉਂਦੇ ਰਹੇ।

13 1967-68 ਵਿਚ ਫਿਰ ਮਸਤੂਆਣਾ ਵਿਖੇ ਸੇਵਾ ਕੀਤੀ।

14 1969-73 ਤੱਕ ਪੂਰੇ ਚਾਰ ਸਾਲ ਪਿੰਡ ਮੁਲਾਂਪੁਰ ਦੇ ਇਤਿਹਾਸਕ ਗੁਰਦੁਆਰੇ ਵਿਚ ਰਾਗ ਸਿਖਾਉਣ ਦੀ ਉਤਮ ਸੇਵਾ ਕੀਤੀ।

15 ਗੁਰਦੁਆਰਾ ਮਸਤੂਆਣਾ ਦੇ ਕਦਰਦਾਨ ਪ੍ਰਬੰਧਕ ਜ਼ੋਰ ਪਾ ਕੇ ਆਪ ਨੂੰ ਫਿਰ ਉਥੇ ਲੈ ਗਏ। 1973-76 ਤੱਕ ਇਥੇ ਰਹਿ ਕੇ ਫਿਰ ਰਾਗ ਸਿਖਾਇਆ।

16 ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ 'ਖਾਲਸਾ' ਭਿੰਡਰਾਂਵਾਲਿਆਂ ਨੇ ਪਿੰਡ ਮਹਿਤਾ (ਅੰਮ੍ਰਿਤਸਰ) ਦੇ ਗੁਰਦੁਆਰਾ 'ਗੁਰਦਰਸ਼ਨ ਪ੍ਰਕਾਸ਼' ਵਿਖੇ ਚੱਲ ਰਹੀ ਰਾਗੀ ਕਲਾਸ ਦਾ ਸਾਰਾ ਪ੍ਰਬੰਧ ਤੇ ਸਾਰੀ ਸਿਖਲਾਈ 1976-79 ਤੱਕ ਰਾਗੀ ਜੀ ਦੇ ਹਵਾਲੇ ਕਰੀ ਰੱਖੀ। ਸੰਤ ਗਿਆਨੀ ਜਰਨੈਲ ਸਿੰਘ 'ਖਾਲਸਾ' ਭਿੰਡਰਾਂਵਾਲੇ ਆਪ ਜੀ ਦਾ ਪੂਰਾ ਸਤਿਕਾਰ ਕਰਦੇ ਤੇ ਕਈ ਵਾਰ ਰਾਗ ਬਾਰੇ ਆਪ ਜੀ ਨਾਲ ਵਿਚਾਰ ਗੋਸ਼ਟੀ ਵੀ ਕਰਿਆ ਕਰਦੇ ਸਨ।

17 1980 ਵਿਚ ਆਪ ਸਿੰਘਾਪੁਰ ਚਲੇ ਗਏ। ਦੋ ਸੌ ਤੋਂ ਵੱਧ ਵਿਦਿਆਰਥੀਆਂ ਨੂੰ ਰਾਗ ਵਿੱਦਿਆ ਦੀ ਦਾਤ ਬਖਸ਼ੀ।

18 1982 ਵਿਚ ਮਿਸ਼ਨਰੀ ਸੁਸਾਇਟੀ ਸਿੰਘਾਪੁਰ ਨੇ ਦੁਬਾਰਾ ਫਿਰ ਉਚੇਰੇ ਤੌਰ 'ਤੇ ਸਿੰਘਾਪੁਰ ਸੱਦਿਆ। ਇਸ ਸਾਲ ਦੇ ਅੰਤ ਵਿਚ ਆਪ ਕੈਨੇਡਾ ਚਲੇ ਗਏ। ਉਥੇ ਸੱਤ ਮਹੀਨੇ ਰਹੇ। ਕੈਲਗਿਰੀ ਵਿਚ ਰਾਗੀ ਕਲਾਸ ਸ਼ੁਰੂ ਕੀਤੀ।

ਪਰ ਸਰੀਰਕ ਤਕਲੀਫ਼ ਦੇ ਕਾਰਨ 1983 ਵਿਚ ਪੰਜਾਬ ਵਾਪਸ ਆ ਗਏ। ਬੀਮਾਰੀ ਖਤਰਨਾਕ ਸੂਰਤ ਧਾਰਨ ਕਰ ਗਈ। ਕੋਈ ਇਲਾਜ ਕਾਰਗਰ ਨਾ ਹੋ ਸਕਿਆ। ਆਖ਼ਰ 24 ਦਸੰਬਰ, 1983 ਨੂੰ ਅਖੀਰੀ ਸੱਦਾ ਆ ਗਿਆ ਤੇ ਆਪ ਉੱਜਲਾ ਮੁੱਖ ਲੈ ਕੇ ਆਪਣੇ ਅਸਲੀ ਦੇਸ਼ ਵਿਚ ਚਲੇ ਗਏ।

ਰਾਗੀ ਜਸਵੰਤ ਸਿੰਘ ਜੀ ਦੇ ਸ਼ਾਗਿਰਦਾਂ ਦੀ ਸੂਚੀ ਬਹੁਤ ਲੰਬੀ ਹੈ। ਦੋ ਹਜ਼ਾਰ ਦੇ ਨੇੜ ਤੇੜ ਹੈ। ਸਾਰਿਆਂ ਦੇ ਨਾਮ ਲਿਖਣੇ ਮੁਸ਼ਕਿਲ ਹਨ। ਜੇ ਕੁਝ ਕੁ ਨਾਮ ਲਿਖੇ ਜਾਣ ਤਾਂ ਬਾਕੀ ਦਿਆਂ ਦਾ ਉਲਾਂਭਾ ਮਿਲੇਗਾ। ਇਕ ਗੱਲ ਜ਼ਰੂਰ ਹੈ ਕਿ ਆਪ ਨੇ ਰਾਗ ਦੀ ਸਿਖਲਾਈ ਦੀ ਜਿਤਨੀ ਵੀ ਸੇਵਾ ਕੀਤੀ। ਕਦੀ ਕੋਈ ਫੀਸ ਨਹੀਂ ਲਈ ਸੀ, ਕੋਈ ਝਾਕ ਨਹੀਂ ਸੀ, ਕੋਈ ਲਾਲਚ ਨਹੀਂ ਸੀ। ਜੋ ਕੁਝ ਵੀ ਮਿਲਦਾ ਉਸਨੂੰ ਖੁਸ਼ੀ ਖੁਸ਼ੀ ਪ੍ਰਵਾਨ ਕਰ ਲੈਂਦੇ।

ਸਗੋਂ ਆਪ ਜੀ ਦੇ ਕਈ ਸ਼ਾਗਿਰਦ ਤਾਂ ਐਸੇ ਵੀ ਹਨ, ਜਿਨ੍ਹਾਂ ਦਾ ਸਾਰਾ ਖਰਚ ਆਪ ਜੀ ਆਪਣੇ ਕੋਲੋਂ ਕਰਦੇ। ਕਈ ਯਤੀਮਾਂ ਦੀ ਪਾਲਣਾ ਕੀਤੀ, ਕਈ ਮੰਗਤਿਆਂ ਨੂੰ ਗਾ ਕੇ ਮੰਗਣੋਂ ਹਟਾਇਆ ਤੇ ਉਨ੍ਹਾਂ ਨੂੰ ਰਾਗ ਦੀ ਚੰਗੀ ਸਿਖਲਾਈ ਦੇ ਕੇ ਰੁਜ਼ਗਾਰ ਕਮਾਉਣ ਦੇ ਲਾਇਕ ਬਣਾਇਆ। ਨੇਤਰਹੀਣਾਂ ਦੀ ਮਦਦ ਕਰਨੀ ਆਪ ਅਤੀ ਜ਼ਰੂਰੀ ਸਮਝਦੇ ਸਨ।

ਗ੍ਰਿਹਸਥੀ ਜੀਵਨ ਵਿਚ ਵੀ ਪੂਰੀ ਸਫ਼ਲਤਾ ਪ੍ਰਾਪਤ ਕੀਤੀ। ਜੱਦੀ ਜਾਇਦਾਦ ਤੋਂ ਆਪਣੇ ਚਾਰਾਂ ਬੱਚਿਆਂ (ਦੋ ਲੜਕੇ, ਦੋ ਲੜਕੀਆਂ) ਨੂੰ ਉਚ ਵਿੱਦਿਆ ਦੇ ਕੇ ਪੂਰੀ ਤਰ੍ਹਾਂ ਲਾਇਕ ਬਣਾਇਆ। ਜਿਸ ਦੀ ਬਦੌਲਤ ਆਪ ਜੀ ਦਾ ਛੋਟਾ ਲੜਕਾ ਭਾਈ ਹਰਕੀਰਤ ਸਿੰਘ ਕੈਨੇਡਾ ਦੀ ਚੜ੍ਹਦੀ ਕਲਾ ਅਖ਼ਬਾਰ ਦਾ ਐਡੀਟਰ ਹੈ ਤੇ ਗੁਰਸਿੱਖੀ ਜੀਵਨ ਵਿਚ ਪਰਪੱਕ ਹੈ।

ਰਾਗੀ ਜਸਵੰਤ ਸਿੰਘ ਜੀ ਦਾ ਨਾਮ ਰਾਗ ਖੇਤਰ ਵਿਚ ਬਹੁਤ ਮੁੱਦਤਾਂ ਤੱਕ ਜ਼ਿੰਦਾ ਰਹੇਗਾ। ਸਚਮੁੱਚ ਆਪ ਸੰਗੀਤਕ ਸੁਰਾਂ ਦੇ ਸਿਰਤਾਜ ਸਨ।

*ਪੁਸਤਕ 'ਸੰਗੀਤ ਸਾਗਰ' ਵਿਚੋਂ ਧੰਨਵਾਦ ਸਹਿਤ*


Prayer is when you talk to God; Meditation is when God talks to you. and you listen to God

▲▲▲▲▲▲▲

Hard work is like stairs.... and luck is like a lift.
A lift may fail sometimes,
but the stairs will always get you to the top.

▲▲▲▲▲▲▲

Life is like a coin. Pleasure & pain are the two sides.
Only one side is visible at a time. But remember that the other side is always there.

*With best compliments from a wellwisher*

# The Power of Self-Talk

Sumeet Kaur

**Beliefs:-** Our belief about anything will determine our attitudes about it, direct our actions, help us to do poorly or sucessfylly. Since whatever we believe will end up affecting us its ve ry important to have the right kind of beliefs we have thousands of little beliefs about ourselves. What makes us believe? Do our beliefs just spring put of nowhere? Do we create themselves or are they our birthmarks handed to us by our forefathers. Our beliefs are created and directed entirely by our:

**Programming:-** We believe what we are programmed to believe. What we have accepted from the outside world, fed ourselves and its like a cause and effect chain reaction. In logical progression, what we believe determines our attitudes, affects our feelings, directs our behavour, and determines our success of Failure.

1 .Programming Creats Beliefs

2 .Beliefs Creats Attitudes

3 .Attitudes Creats Feelings

4 .Feelings Determine Actions

5 .Action Create Results

That's how the brain works. If you want to manage yourself in a better way, start with the first step. Change your programming.

**The 5 Levels of Self-Talk**

Self talk is get positive new directions, By selftalk, We give directions to our subconscious minds with positive words and statements, more effective ideas to change ourselves . It gives us a chance to sto[p being old-self and paint a new picture of ourselves. There are different kinds of self-Talk.Its important to know the 5 types , so that we can use the right self-talk to change ourselves.

**5 Levels of Self-Talk**

**1. Negative Self-talk:-**

When we say something bad about ourselves and accept it. Words often used are I CANT,I DON'T HAVE THE ENERGY, I CAN NEVER DO THAT, etc. These are kinds of thoughts, fects, hesitations We programme ourselves with. The subconscious mind is listening and waiting for our instructions and it dosent core what we tell, it just does it. This level 1 self-talk wrecks our lives, clutten, blick and confuses. It cripples our intentions and seduces us to be satisfied with mediocrity. This level 1 self talk is our greatest energy and The faster we get rid of it, we can give our mind positive Self-Talk.

**2. Level 2 Recognition and need to Change- Level-II :**

In this level, we are stating to ourselves and others, the need to change. It is used by words like I NEED TO, I OUGHT TO, or I SHOULD. This kind of talk recognizes the problem, but creates no solution. Level II creates guilt, disappointment and such a talk will not help us to succeed.

**3. Level-III Self-Talk:-**

The level of decision to Change:- This level works for you. You recognize the need to change and do something about it. This level is characterized by words like, I have no problems dealing with things around me. So you are automatically beginning to rephrase negative cannots and stating them in a positive way. May bad habits require a solid programme of new self-talk just remember ti tell your subconscious mind positive things. It will automatically create new directions and you can in this way get rid of a lot of your bad habits and this is not because magic, hypnosis, meditation or aluck. That's just the way the mind works & it dies because you are giving the right instructions learn to tell the mind the right things in a right way & it will do it.

***4.* Level-IV**

The level of a better you.

This is the most effective kind of self-talk. We can use and it is needed most, You are painting a new picture of yourself. This level is full of words like " I am more organized,more healthy, more enthusiastic. No one can stop me now, I have determination drive and self-belief. I live the life I choose, and I choose what right. I have no bad habits which will harm me.

Level IV is positive self-talk,the opposite of level I. It excites, demands & pushes us forwards. It stirs us to action & helps us to succeed. So a programming like:-

"I AM A WINNER"

"I BELIEVE IN MYSELF"

"I RESPECT MYSELF"

All these kind of programmes will automatically give your mind, The right Kind of direction.

**Level V Universal Affirmation:**

This talk is as old as the ancient religions which inspired it. It is slf-talk of oneness with GOD. This level of self-talk speaks of a unity with the divine which gives a meaning to all that is happening with us. This talk is characterized by words like, "I am one with the Universe, with GOD and HE is with me." So of Level III and Level IV se4lf talk is followed correctly, Level V automatically comes.

So, from now onwards Replace level I and II Self-Talk and with level III & IV, In a Diary, write down all positive auto-suggestion for a mind and keep repeating them everyday like a magic mantra, & see these words will start working for you.

*RH 4, Konark Pooram, Kondhwa, Pune 48*

**ਸੂਚਨਾ** ਹੁਣ ਤੁਸੀਂ ਅੰਮ੍ਰਿਤ ਕੀਰਤਨ E-mail ਰਾਹੀਂ ਪ੍ਰਾਪਤ ਕਰ ਸਕਦੇ ਹੋ। ਆਪਣਾ E-mail ਐਡਰੈਸ drjagirsingh@gmail.com 'ਤੇ ਭੇਜੋ ਜੀ।

Phone : (O) 011-23312440

Sawhney Cloth House

46, Shanker Market, Connaught Circus, New Delhi - 110 001

# ਸੁਰ ਲਿਪੀ

ਹਰਦੀਪ ਕੌਰ

***ਰਾਗੁ ਮਲਾਰ***

ਰਾਗ ਮਲਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 27ਵਾਂ ਰਾਗ ਹੈ। ਇਹ ਇਕ ਪੁਰਾਤਨ, ਪ੍ਰਸਿੱਧ, ਸਰਲ ਅਤੇ ਮੌਸਮੀ ਰਾਗ ਹੈ ਜੋ ਚੌਮਾਸੇ (ਸਾਵਣ ਭਾਦੋਂ) ਵਿਚ ਹਰ ਸਮੇਂ ਗਾਇਆ ਜਾਂਦਾ ਹੈ। ਭਗਤੀ ਰਸ ਦੀ ਪ੍ਰਧਾਨਤਾ ਰੱਖਣ ਵਾਲੇ ਬਿਲਾਵਲ ਥਾਟ ਦਾ ਰਾਗ ਮਲਾਰ ਇਕ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਇਸ ਵਿਚ ਸਾਰੇ ਸ਼ੁੱਧ ਸੁਰ ਲੱਗਦੇ ਹਨ। ਇਸ ਵਿਚ ਨਿਸ਼ਾਦ ਅਤੇ ਗੰਧਾਰ ਸੁਰ ਵਰਜਿਤ ਹਨ। ਇਸ ਦੀ ਜਾਤੀ ਔਡਵ ਔਡਵ ਹੈ। ਇਸ ਦਾ ਵਾਦੀ ਮਧਿਅਮ ਅਤੇ ਸੰਵਾਦੀ ਸ਼ੜਜ ਹੈ। ਇਸ ਰਾਗ ਵਿਚ ਦੋ ਸੁਰ ਸੰਗਤੀਆਂ 'ਸ ਰ ਮ' ਪੂਰਵਾਂਗ ਵਿਚ ਅਤੇ 'ਮ ਪ ਧ ਸਂ ਧ ਪ' ਉਤ੍ਰਾਂਗ ਵਿਚ ਅਤਿਅੰਤ ਮਹੱਤਵਪੂਰਨ ਹਨ। ਇਨ੍ਹਾਂ ਤੋਂ ਇਲਾਵਾ ਇਕ ਹੋਰ ਸੁਰਾਵਲੀ "ਰ ਪ" ਵੀ ਆਪਣਾ ਮਹੱਤਵਪੂਰਨ ਸਥਾਨ ਰੱਖਦੀ ਹੈ। ਇਸ ਨੂੰ ਗਾਉਣ ਦਾ ਸਮਾਂ ਰਾਤ ਦਾ ਦੂਜਾ ਪਹਿਰ ਹੈ।

ਥਾਟ – ਬਿਲਾਵਲ (ਸਾਰੇ ਸ਼ੁੱਧ ਸਵਰ)

ਜਾਤੀ – ਔਡਵ-ਔਡਵ ('ਗ' ਅਤੇ 'ਨ' ਵਰਜਿਤ)

ਸਮਾਂ – ਰਾਤ ਦਾ ਦੂਜਾ ਪਹਿਰ

ਵਾਦੀ – ਮ

ਸੰਵਾਦੀ – ਸ

ਆਰੋਹ – ਸ ਰ ਮ ਰ ਪ, ਮ ਪ ਧ ਸਂ।

ਅਵਰੋਹ – ਸਂ, ਧ ਪ ਮ, ਰ ਸ

ਮੁੱਖ ਅੰਗ – ਸ, ਰ ਮ ਰ ਪ, ਮ ਪ ਧ ਸਂ, ਧ ਪ ਮ, ਰ ਮ ਰ ਸ।

***ਤਿੰਨ ਤਾਲ***

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਸਥਾਈ | | | | | | | | ਸ | ਰ | ਮ | ਰ | ਪ | - | ਪ | - |
| | | | | | | | | *ਬ* | *ਰ* | *ਸੁ* | *ਮੇ* | *ऽ* | *ਘ* | *ਜੀ* | *ਤਿਲੁ* |
| | | | | | | | | S | R | M | R | P | - | P | - |
| | | | | | | | | **BA** | **RA** | **S** | **MAY** | **-** | **GH** | **JEE** | **TIL** |
| ਮ | ਪ | ਧ | ਪ | ਮ | ਰ | ਸ | - | ਮ | ਮ | ਮ | ਪ | ਧ | ਧ | ਸਂ | ਸਂ |
| *ਬਿ* | *ਲ* | *ਮੁ* | *ਨ* | *ਲਾ* | *ऽ* | *ਉ* | *ऽ* | *ਬ* | *ਰ* | *ਸੁ* | *ਪਿ* | *ਆ* | *ऽ* | *ਰੇ* | *ऽ* |
| M | P | D | P | M | R | S | - | M | M | M | P | D | D | Ṡ | Ṡ |
| **BI** | **LA** | **M** | **NA** | **LAA** | **-** | **O** | **-** | **BA** | **RA** | **S** | **PI** | **AA** | **-** | **RAY** | **-** |
| ਧ | ਸਂ | ਧ | ਪ | ਮ | ਰ | ਸ | - | ਮ | ਮ | ਮ | ਪ | ਧ | ਧ | ਸਂ | ਸਂ |
| *ਮ* | *ਨ* | *ਹਿ* | *ਸ* | *ਧਾ* | *ऽ* | *ਰੇ* | | *ਹੋ* | *ऽ* | *ਇ* | *ऽ* | *ਅ* | *ਨ* | *ਦੁ* | *ਸ* |
| D | Ṡ | D | P | M | R | S | - | M | M | M | P | D | D | Ṡ | Ṡ |
| **MA** | **NE** | **H** | **SA** | **DHAA** | **-** | **RAY** | **-** | **HO** | **-** | **AY** | **-** | **A** | **NA** | **D** | **SA** |
| ਧਸਂ | ਰਂਸਂ | ਧ | ਪ | ਮ | ਰ | ਸ | - | | | | | | | | |
| *ਦਾऽ* | *ऽऽ* | *ਮ* | *ਨਿ* | *ਚਾ* | *ऽ* | *ਉ* | | | | | | | | | |
| DṠ | RṠ | D | P | M | R | S | - | | | | | | | | |
| **DAA** | **--** | **MA** | **N** | **CHAA** | **-** | **O** | **-** | | | | | | | | |

| ਅੰਤਰਾ | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ | ਮ | ਪ | ਪ | ਧ | ਧ | ਸਂ | ਸਂ |
| | | | | | | | | ਹ | ਮ | ਤੇ | ऽ | ਰੀ | ऽ | ਧ | ਰ |
| | | | | | | | | M | M | P | P | D | D | Ṡ | Ṡ |
| | | | | | | | | HA | M | TAY | - | REE | - | DHA | R |
| ਸਂ | - | ਸਂ | - | ਰਂ | ਰਂ | ਸਂ | - | ਧ | ਸਂ | ਰਂ | ਮਂ | ਰਂ | ਰਂ | ਸਂ | ਸਂ |
| ਸੁ | ਆ | ਮੀ | ਆ | ਮੇ | ऽ | ਰੇ | ऽ | ਤੂ | ऽ | ਕਿ | ਉ | ਮ | ऽ | ਨਹੁ | ਬਿ |
| Ṡ | - | Ṡ | - | Ṙ | Ṙ | Ṡ | - | D | Ṡ | Ṙ | Ṁ | Ṙ | Ṙ | Ṡ | Ṡ |
| SU | AA | MEE | AA | MAY | - | RAY | - | TOO | - | KI | O | MA | - | NHU | BI |
| ਧ | ਸਂ | ਰਂ | ਸਂ | ਧਸਂ | ਰਂਸਂ | ਧਪ | ਮ | | | | | | | | |
| ਸਾ | ऽ | ऽ | ऽ | ਰੇऽ | ऽऽ | ऽऽ | ऽ | | | | | | | | |
| D | Ṡ | Ṙ | Ṡ | DṠ | ṘṠ | DP | M | | | | | | | | |
| SAA | - | - | - | RAY | -- | -- | - | | | | | | | | |

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

| | | |
|---|---|---|
| ਮਲਾਰ ਮਹਲਾ ੫ ॥<br>ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ ॥<br>ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥ ੧ ॥ ਰਹਾਉ ॥ | Rain down, O cloud; do not delay, O beloved cloud, O support of the mind, you bring lasting bliss and joy to the mind.\|\|1\|\|Pause\|\| | ਹੇ ਨਾਮ-ਜਲ ਦੇ ਭੰਡਾਰ ਸਤਿਗੁਰੂ ਜੀ! (ਮੇਰੇ ਹਿਰਦੇ ਵਿਚ ਨਾਮ ਜਲ ਦੀ) ਵਰਖਾ ਕਰ। ਰਤਾ ਭੀ ਢਿੱਲ ਨਾਹ ਕਰ। ਹੇ ਪਿਆਰੇ ਗੁਰੂ! (ਨਾਮ ਜਲ ਦੀ) ਵਰਖਾ ਕਰ। (ਇਸ ਵਰਖਾ ਨਾਲ) ਮੇਰੇ ਮਨ ਵਿਚ ਸਦਾ ਖ਼ੁਸ਼ੀ ਹੁੰਦੀ ਹੈ ਸਦਾ ਆਨੰਦ ਪੈਦਾ ਹੁੰਦਾ ਹੈ।੧। ਰਹਾਉ॥ |
| ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ ॥<br>ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ ॥੧ ॥ | I take to Your Support, O my Lord and Master; how could You forget me? I am Your beautiful bride, Your servant and slave. I have no nobility without my Husband Lord.\|\|1\|\| | ਹੇ ਮੇਰੇ ਸੁਆਮੀ ਪ੍ਰਭੂ! ਮੈਨੂੰ ਤੇਰਾ ਹੀ ਆਸਰਾ ਹੈ, ਤੂੰ ਮੈਨੂੰ ਆਪਣੇ ਮਨ ਤੋਂ ਨਾਹ ਵਿਸਾਰ। ਮੈਂ ਤਾਂ ਇਸਤ੍ਰੀ ਵਾਂਗ (ਨਿਰਬਲ) ਹਾਂ, ਦਾਸੀ ਵਾਂਗ (ਕਮਜ਼ੋਰ) ਹਾਂ। (ਇਸਤਰੀ) ਪਤੀ ਤੋਂ ਬਿਨਾਂ ਸੋਭਾ ਨਹੀਂ ਪਾਂਦੀ, (ਦਾਸੀ) ਮਾਲਕ ਤੋਂ ਬਿਨਾਂ ਸੋਭਾ ਨਹੀਂ ਪਾਂਦੀ।੧। |
| ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ ॥<br>ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ ॥੨ ॥3 ॥੭ ॥<br>(ਪੰਨਾ 1268) | When my Lord and Master listened to my prayer, He hurried to shower me with His Mercy. Says Nanak, I have become just like my Husband Lord; I am blessed with honor, nobility and the lifestyle of goodness. \|\|2\|\|3\|\|7\|\| | ਹੇ ਨਾਨਕ! ਆਖ .... (ਹੇ ਸਖੀ) ਜਦੋਂ ਮੇਰੇ ਮਾਲਕ ਪ੍ਰਭੂ ਨੇ (ਮੇਰੀ ਇਹ) ਬੇਨਤੀ ਸੁਣੀ, ਤਾਂ ਮਿਹਰ ਕਰ ਕੇ ਉਹ ਛੇਤੀ (ਮੇਰੇ ਹਿਰਦੇ ਵਿਚ ) ਆ ਵਸਿਆ। ਹੁਣ ਮੇਰੀ ਸੁਭਾਗਤਾ ਬਣ ਗਈ ਹੈ, ਮੈਨੂੰ ਇੱਜ਼ਤ ਮਿਲ ਗਈ ਹੈ, ਮੈਨੂੰ ਸੋਭਾ ਮਿਲ ਗਈ ਹੈ, ਮੇਰੀ ਭਲੀ ਕਰਨੀ ਹੋ ਗਈ ਹੈ।੨।੩।੭। |

# ਉਨ੍ਹਾਂ ਲਈ ਜੋ ਮਰਨ ਉਪਰੰਤ ਜੀਊਣਾ ਚਾਹੁੰਦੇ ਹਨ

ਸਵਰਗ ਨੂੰ ਜਾਣ ਲੱਗਿਆਂ ਆਪਣੇ ਸਾਰੇ ਅੰਗ ਨਾਲ ਨਾ ਲਿਜਾਉ। ਰੱਬ ਜੀ ਨੂੰ ਭਲੀ ਭਾਂਤ ਪਤਾ ਹੈ ਕਿ ਇਥੇ ਧਰਤੀ ਉਤੇ ਅੰਗਾਂ ਦੀ ਕਾਫ਼ੀ ਤੋਂ ਵੱਧ ਲੋੜ ਹੈ। ਜ਼ਰਾ ਸੋਚੋ ਅੰਗ ਦਾਨ ਕਰਨਾ ਕਿੰਨਾ ਮਹਾਨ ਹੈ। ਮਰਨ ਕੰਢੇ ਪਏ ਹੋਏ ਅਣਗਿਣਤ ਮਰੀਜ਼ ਮੁੜ ਸਿਹਤਮੰਦ ਹੋਣ ਲਈ ਆਸਵੰਦ ਹੋ ਸਕਦੇ ਹਨ ਜੇ ਰਿਸ਼ਟ ਪੁਸ਼ਟ ਵਿਅਕਤੀ ਸਵੈ ਇੱਛਾ ਨਾਲ ਆਪਣੇ ਜੀਉਂਦੇ ਜੀ ਅੰਗ ਦਾਨ ਕਰ ਜਾਣ।

ਜਦੋਂ ਕਿਸੇ ਦੀਰਧ ਰੋਗੀ ਦਾ Brain Dead ਹੋ ਜਾਂਦਾ ਹੈ - ਜਦੋਂ ਉਸਦਾ ਦਿਮਾਗ ਹੱਦੋਂ ਵੱਧ ਨਾਕਾਰਾ ਹੋ ਜਾਂਦਾ ਹੈ, ਉਹ ਨਾ ਮਾਤਰ ਹੀ ਜੀ ਰਿਹਾ ਹੁੰਦਾ ਹੈ। ਉਦੋਂ ਉਸਦੇ ਕਈ ਅੰਗ ਮਰਨ ਤੋਂ ਤੁਰੰਤ ਬਾਅਦ ਲੋੜਵੰਦ ਮਰੀਜ਼ਾਂ ਨੂੰ ਜੋ ਮੌਤ ਕੰਢੇ ਪੁੱਜਣ ਵਾਲੇ ਹੁੰਦੇ ਹਨ, ਦੁਬਾਰਾ ਜੀਵਨ ਦੇ ਸਕਦੇ ਹਨ। ਤੁਹਾਡੇ ਕਿਸੇ ਪਰਮ ਮਿੱਤਰ ਜਾਂ ਰਿਸ਼ਤੇਦਾਰ ਦੇ ਮਰਨ ਮਗਰੋਂ ਉਸਦੇ ਅੰਗਾਂ ਦਾ ਦਾਨ ਜਿਥੇ ਪਰਿਵਾਰ ਨੂੰ ਧੀਰਜ ਤੇ ਦਿਲਾਸਾ ਦੇਵੇਗਾ, ਉਥੇ ਕਿਸੇ ਖੁਸ਼ਕਿਸਮਤ ਨੂੰ ਨਵਾਂ ਜੀਵਨ ਵੀ ਬਖਸ਼ੇਗਾ। ਮਰਨ ਉਪਰੰਤ ਸਰੀਰ ਦੇ ਕਈ ਅੰਗ ਜਿਵੇਂ ਕਿ ਦਿਲ, ਗੁਰਦਾ, ਅੱਖ, ਪਿੱਤਾ, ਹੱਡੀਆਂ ਅਤੇ ਚਮੜੀ ਇਸ ਮਹਾਨ ਕਾਰਜ ਲਈ ਕੰਮ ਆ ਸਕਦੇ ਹਨ।

ਪੰਛੀ ਅਤੇ ਜਾਨਵਰ ਜੀਉਂਦੇ ਜੀ ਅਤੇ ਮਰਨ ਤੋਂ ਬਾਅਦ ਵੀ ਮਨੁੱਖ ਦੇ ਕਈ ਕੰਮ ਸਵਾਰਦੇ ਹਨ। ਮਨੁੱਖ ਉਨ੍ਹਾਂ ਤੋਂ ਏਨਾ ਗਿਆ ਗੁਜ਼ਰਿਆ ਤਾਂ ਨਹੀਂ ਕਿ ਉਹ ਮਨੁੱਖਤਾ ਦੇ ਕਿਸੇ ਕੰਮ ਨਾ ਆ ਸਕੇ। ਮਨੁੱਖ ਆਪਣਾ ਸਰੀਰ/ਅੰਗ ਦਾਨ ਕਰਕੇ ਆਪਣੇ ਸਮਕਾਲੀਆਂ ਲਈ ਰਾਹ ਦਸੇਰਾ ਵੀ ਬਣ ਸਕਦਾ ਹੈ।

ਜੀਊਣਾ ਅਤੇ ਮਰਨਾ ਤਾਂ ਸਭ ਨੇ ਹੈ ਹੀ, ਪ੍ਰੰਤੂ ਕੁਝ ਸੂਝਵਾਨ ਭਾਗਵਾਨ ਪ੍ਰਾਣੀ ਹੀ ਮਨੁੱਖਤਾ ਲਈ ਕੁਝ ਕਰ ਜਾਣਾ ਲੋਚਦੇ ਹਨ। ਆਪਣੇ ਅੰਗਾਂ ਜਾਂ ਸਰੀਰ ਦਾ ਦਾਨ ਕਰਕੇ ਉਨ੍ਹਾਂ ਭਾਗਵਾਨਾਂ ਵਿਚ ਤੁਸੀਂ ਵੀ ਸ਼ਾਮਲ ਹੋ ਸਕਦੇ ਹੋ। ਤੁਹਾਨੂੰ ਅੰਗਾਂ ਰਾਹੀਂ ਦੁਬਾਰਾ ਜੀ ਉਠੇ ਵਿਅਕਤੀਆਂ ਵਿਚ ਆਪਣੇ ਦਾਨ ਕੀਤੇ ਅੰਗਾਂ ਰਾਹੀਂ ਤੁਸੀਂ ਵੀ ਜੀਂਦੇ ਰਹਿ ਸਕਦੇ ਹੋ। ਏਦਾਂ ਅਸੀਂ ਭਗਵਾਨ ਵੱਲੋਂ ਸਾਨੂੰ ਰਿਸ਼ਟ ਪੁਸ਼ਟ ਸਰੀਰ ਦੇਣ ਦਾ ਰਿਣ ਕੁਝ ਹੱਦ ਤੱਕ ਮੋੜ ਸਕਦੇ ਹਾਂ।

ਚੰਡੀਗੜ੍ਹ ਅਤੇ ਆਲੇ ਦੁਆਲੇ ਇਲਾਕੇ ਵਿਚ ਅੰਗ ਦਾਨ ਕਰਨ ਦੇ ਕਾਰਜ ਬਾਰੇ ਕਾਫ਼ੀ ਕੁਝ ਕੀਤਾ ਅਤੇ ਵਿਚਾਰਿਆ ਜਾ ਰਿਹਾ ਹੈ। ਸਾਲ 2008 ਦਾ ਵਰ੍ਹਾ 'ਮਨੁੱਖਤਾ ਵਿਚ ਸਵੈ ਇੱਛਕ ਸਰੀਰ/ਅੰਗਾਂ ਦਾ ਦਾਨ' ਕਰਨ ਦੀ ਜਾਗਰੂਕਤਾ ਪੈਦਾ ਕਰਨ ਵਜੋਂ ਮਨਾਇਆ ਜਾ ਰਿਹਾ ਹੈ। 'ਸੇਵਕ ਚੈਰੀਟੇਬਲ ਟਰਸਟ (ਰਜਿਸਟਰਡ)' ਪਿਛਲੇ ਕਈ ਵਰ੍ਹਿਆਂ ਤੋਂ ਕਈ ਭਾਂਤ ਦੀਆਂ ਗਤੀਵਿਧੀਆਂ ਰਾਹੀਂ ਅੰਗ/ਸਰੀਰ ਦਾਨ ਕਰਨ ਦੀ ਜਾਗਰੂਕਤਾ ਪੈਦਾ ਕਰਨ ਵਿਚ ਗਤੀਸ਼ੀਲ ਹੈ। ਇਸ ਮੰਤਵ ਲਈ ਟਰੱਸਟ ਆਪਣੇ ਇਕ ਨਵੇਂ ਵਿੰਗ 'Unique Gift of LIfe'(UGOL) ਰਾਹੀਂ ਕੰਮ ਕਰ ਰਿਹਾ ਹੈ।

ਆਪਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅੰਗਾਂ ਦਾ ਸਰੀਰ ਦਾ ਦਾਨ ਕਰਨ ਦਾ ਪ੍ਰਣ ਕਰ ਕੇ ਆਪਣਾ ਜੀਵਨ ਸਫ਼ਲਾ ਬਣਾਓ ਅਤੇ ਅੰਗ ਨਾ ਉਪਲਭਧ ਹੋਣ ਕਾਰਨ ਮਾਯੂਸ ਮਰੀਜ਼ਾਂ ਨੂੰ ਜੀਵਨ ਦੁਬਾਰਾ ਮਿਲਣ ਦੀ ਆਸ ਦਿਵਾਓ। ਤੁਹਾਡੇ ਅੰਗ ਪ੍ਰਾਪਤ ਕਰਨ ਮਗਰੋਂ ਜੋ ਵਿਅਕਤੀ ਦੂਜਾ ਜੀਵਨ ਪਾਏਗਾ। ਤੁਸੀਂ ਮਰਨ ਮਗਰੋਂ ਵੀ, ਉਸ ਮਰੀਜ਼ ਦੇ ਰਾਜ਼ੀ ਹੋਣ ਬਾਅਦ, ਜੀਉਂਦੇ ਰਹੋਗੇ।

ਵਧੇਰੇ ਜਾਣਕਾਰੀ ਲਈ ਟਰੱਸਟ ਦੇ ਹੇਠ ਲਿਖੇ ਮੈਂਬਰਾਂ ਨਾਲ ਸੰਪਰਕ ਕਰੋ:


1 ਕੈਪਟਨ ਸੀ.ਐਸ. ਸੈਣੀ ਫੋਨ ਨੰ; 98153 35111

2 ਐਚ.ਬੀ.ਐਸ. ਚੋਪੜਾ ਫੋਨ ਨੰ: 98786 36268, 98161 36268

ਐਸ.ਸੀ.ਓ. : 1104-05, ਕੈਬਿਨ ਨੰ: 1, ਫਸਟ ਫਲੋਰ, ਸੈਕਟਰ 22-ਬੀ, ਚੰਡੀਗੜ੍ਹ 160 022

Postal Regd. No. PB (0045)2006 RNI Regd. No. 46788/89 ISSN 0972-2335





# ਗੁਰਬਾਣੀ ਕੀਰਤਨ ਦੀਆਂ ਸੀ .ਡੀਜ਼ .







